
ਸਭ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
Vaisakhi Greetings To All!
Your Trucking Insurance Professional
We Specialize in:
• Cargo Insurance
• Prorate Insurance/New Fleets
• US/Canadian Custom Bonding/ICC Bonds
• General Liability
• All Types of Commercial Insurance
• Risk Management
Setting The Standard in the Trucking Industry
For Over 30 Years
Monthly Payment Plans OAC
Johnston Meier Insurance Agencies Group
1-888-564-7687
Tel: 604-533-0333
Fax: 604-533-3284
Riccardo Sestito 604-309-3321
Inder Grewal 604-308-9642
#101-19978-72nd Ave., Langley, BC V2Y 1R7


ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE 1973 THE LINK GROUP 2024
WEEKLY NEWSPAPER
VOL. : 12 ISSUE : 16 SATURDAY, 20 APRIL, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਸ਼ਿਲਪਾ ਸ਼ੈੱਟੀ ਤੇ ਰਾਜ ਕੁੰਦਰਾ ਦੇ 98 ਕਰੋੜ ਮੁੱਲ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ-ਐੱਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅਦਾਕਾਰਾ ਸ਼ਿਲਪਾ ਸ਼ੈੱਟੀ ਅਤੇ ਉਸ ਦੇ ਪਤੀ ਰਾਜ ਕੁੰਦਰਾ ਦੇ ਇਕ ਬੰਗਲਾ, ਇਕ ਫਲੈਟ ਅਤੇ ਸ਼ੇਅਰਾਂ ਸਮੇਤ 98 ਕਰੋੜ ਰੁਪਏ ਮੁੱਲ ਦੇ ਅਸਾਸੇ ਜ਼ਬਤ ਕਰ ਲਏ ਹਨ।



ਜਾਂਚ ਏਜੰਸੀ ਨੇ ਇਹ ਕਾਰਵਾਈ ਕਥਿਤ ਕ੍ਰਿਪਟੋ ਪੌਂਜ਼ੀ ਯੋਜਨਾ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਕੀਤੀ ਹੈ। ਈਡੀ ਨੇ ਮਨੀ ਲਾਂਡਰਿੰਗ ਰੋਕੂ ਐਕਟ (ਪੀਐੱਮਐੱਲਏ) ਤਹਿਤ ਜਾਰੀ ਆਰਜ਼ੀ ਹੁਕਮਾਂ 'ਤੇ ਜੋੜੇ ਦੀਆਂ ਸੰਪਤੀਆਂ ਕੁਰਕ ਕੀਤੀਆਂ ਹਨ। ਇਹ ਮਾਮਲਾ ਬਿਟਕੁਆਇਨ ਵਰਗੀਆਂ ਕ੍ਰਿਪਟੋ ਕਰੰਸੀ ਦੀ ਵਰਤੋਂ ਰਾਹੀਂ ਨਿਵੇਸ਼ਕਾਂ ਦੀ ਧੋਖਾਧੜੀ ਨਾਲ ਜੁੜਿਆ ਹੋਇਆ ਹੈ। ਕੁਰਕ ਕੀਤੀਆਂ ਗਈਆਂ ਸੰਪਤੀਆਂ 'ਚ ਮੁੰਬਈ ਦੇ ਜੁਹੂ ਸਥਿਤ ਇਕ ਰਿਹਾਇਸ਼ੀ ਫਲੈਟ (ਜੋ ਇਸ ਸਮੇਂ ਸ਼ਿਲਪਾ ਸ਼ੈੱਟੀ ਦੇ ਨਾਮ 'ਤੇ ਹੈ), ਪੁਣੇ 'ਚ ਇਕ ਬੰਗਲਾ ਅਤੇ ਕੁੰਦਰਾ ਦੇ ਨਾਮ 'ਤੇ ਸ਼ੇਅਰ ਸ਼ਾਮਲ ਹਨ। ਸੰਘੀ ਜਾਂਚ ਏਜੰਸੀ ਨੇ ਕਿਹਾ ਕਿ ਇਹ ਅਸਾਸੇ 97.79 ਕਰੋੜ ਰੁਪਏ ਦੇ ਬਣਦੇ ਹਨ।

# ਭਗਵੰਤ ਮਾਨ ਵੱਲੋਂ ਪਾਰਟੀ ਉਮੀਦਵਾਰਾਂ ਲਈ ਪ੍ਰਚਾਰ ਸ਼ੁਰੂ

ਜ਼ੀਰਕਪੁਰ/ਬਨੂੜ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਲਈ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਆਗਾਜ਼ ਕਰਦਿਆਂ ਅੱਜ ਇੱਥੋਂ ਮਿਸ਼ਨ 13-0 ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਪਾਰਟੀ ਵਰਕਰਾਂ ਅਤੇ ਮੀਡੀਆ ਨਾਲ ਪਾਰਟੀ ਦੇ 13 ਲੋਕ ਸਭਾ ਉਮੀਦਵਾਰਾਂ ਦੀ ਜਾਣ ਪਛਾਣ ਕਰਵਾਈ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ 'ਆਪ' ਦੇ ਉਮੀਦਵਾਰ ਪਰਿਵਾਰਵਾਦੀ ਸਿਆਸਤਦਾਨ ਨਹੀਂ ਹਨ। ਉਹ ਸਾਂਝੇ ਪਰਿਵਾਰਾਂ ਵਾਲੇ ਲੋਕ ਹਨ ਜੋ ਹੁਣ ਲੋਕ ਸਭਾ ਵਿੱਚ ਲੋਕਾਂ ਦੀ ਆਵਾਜ਼ ਬਣਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਰੇਕ ਲੜਾਈ ਅੱਗੇ ਹੋ ਕੇ ਲੜੀ ਹੈ ਅਤੇ ਹੁਣ ਤਾਨਾਸ਼ਾਹੀ ਵਿਰੁੱਧ ਵੀ ਲੜਾਈ ਪੰਜਾਬੀ ਹੀ ਮੂਹਰੇ ਹੋ ਕੇ ਲੜਨਗੇ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਹਮੇਸ਼ਾ ਪੰਜਾਬ ਨੂੰ ਲੁੱਟਿਆ ਹੈ ਤੇ ਆਪਣਾ ਘਰ ਭਰਿਆ ਹੈ। ਉਨ੍ਹਾਂ ਮੁੱਖ ਮੰਤਰੀ ਹੁੰਦਿਆਂ ਕੋਈ ਜ਼ਮੀਨ ਨਹੀਂ ਖਰੀਦੀ ਸਗੋਂ ਪੰਜਾਬ 'ਚ ਬਿਜਲੀ ਪੂਰੀ ਕਰਨ ਲਈ ਥਰਮਲ ਪਲਾਂਟ ਖਰੀਦਿਆ ਹੈ। ਉਨ੍ਹਾਂ ਪਾਰਟੀ ਦੇ ਵਾਲੰਟੀਅਰਾਂ ਨੂੰ ਵੀ ਗਿਲੇ-ਸ਼ਿਕਵੇ ਭੁਲਾ ਕੇ ਅਤੇ ਇਕਜੁੱਟ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ 2024 ਦੀਆਂ ਚੋਣਾਂ ਜਿੱਤ ਜਾਂ ਹਾਰ ਦੀ ਲੜਾਈ ਨਹੀਂ ਹੈ ਸਗੋਂ ਤਾਨਾਸ਼ਾਹੀ ਵਿਰੁੱਧ ਇਕ ਜੰਗ ਹੈ। ਇਹ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਇਕ ਬਹੁਤ ਵੱਡੇ ਸੰਕਟ ਵਿੱਚੋਂ ਲੰਘ ਰਿਹਾ ਹੈ ਅਤੇ ਇਕ ਵੱਡਾ ਤਾਨਾਸ਼ਾਹ ਹੈ ਜੋ ਜ਼ੁਲਮ ਨਾਲ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਝੀ ਸਿਆਸਤ ਖੇਡ ਰਿਹਾ ਹੈ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਲੋਕ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਹਨ। ਲੋਕ ਇਨ੍ਹਾਂ ਜ਼ੁਲਮਾਂ ਦਾ ਜਵਾਬ ਵੋਟ ਨਾਲ ਦੇਣਗੇ। ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਪ੍ਰਚਾਰ ਕਰਨ ਤੋਂ ਰੋਕਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਕੇਜਰੀਵਾਲ ਨੂੰ ਜੇਲ੍ਹ ਵਿੱਚ ਸੁੱਟਿਆ ਹੈ ਪਰ ਕੇਜਰੀਵਾਲ ਇਕ ਸੋਚ ਹੈ ਜਿਸ ਨੂੰ ਉਹ ਕਦੇ ਨਹੀਂ ਰੋਕ ਸਕਦੇ। ਜ਼ਿਕਰਯੋਗ ਹੈ ਕਿ ਅੱਜ ਲੋਕ ਸਭਾ ਚੋਣਾਂ ਦਾ ਆਗਾਜ਼ ਕਰਦਿਆਂ ਮਿਸ਼ਨ 13-0 ਦੇ ਨਾਂ ਹੇਠ ਕਰਵਾਇਆ ਗਿਆ ਅੱਜ ਦਾ ਸਾਰਾ ਪ੍ਰੋਗਰਾਮ ਮੁੱਖ ਮੰਤਰੀ ਭਗਵੰਤ ਮਾਨ ਦੇ ਆਲੇ ਦੁਆਲੇ ਹੀ ਕੇਂਦਰਿਤ ਰਿਹਾ। ਇਸ ਦੌਰਾਨ ਉਹ ਤਿੰਨ ਵਜੇ ਦਾ ਸਮਾਂ ਦੇ ਕੇ ਕਾਫ਼ੀ ਦੇਰੀ ਨਾਲ ਸਮਾਗਮ ਵਿੱਚ ਪਹੁੰਚੇ।



# ਕੇਜਰੀਵਾਲ ਜ਼ਮਾਨਤ ਲਈ ਅੰਬ ਤੇ ਮਠਿਆਈਆਂ ਖਾ ਰਹੇ ਨੇ-ਈ.ਡੀ. ਨੇ ਕੀਤੀ ਸ਼ਿਕਾਇਤ

ਨਵੀਂ ਦਿੱਲੀ: ਆਬਕਾਰੀ ਘੁਟਾਲੇ ਦੇ ਮਾਮਲੇ 'ਚ ਗ੍ਰਿਫ਼ਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਟਾਈਪ 2 ਦੀ ਡਾਇਬਟੀਜ਼ ਹੋਣ ਦੇ ਬਾਵਜੂਦ ਰੋਜ਼ਾਨਾ ਚੀਨੀ ਵਾਲੀ ਚਾਹ, ਕੇਲਾ, ਆਲੂ-ਪੂੜੀ, ਅੰਬ ਅਤੇ ਮਠਿਆਈਆਂ ਵਰਗੇ ਵੱਧ ਸ਼ੂਗਰ ਵਾਲੇ ਪਦਾਰਥ ਖਾ ਰਹੇ ਹਨ ਤਾਂ ਜੋ ਮੈਡੀਕਲ ਆਧਾਰ 'ਤੇ ਜ਼ਮਾਨਤ ਲਈ ਦਾਅਵਾ ਪੇਸ਼ ਕੀਤਾ ਜਾ ਸਕੇ। ਐੱਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਇਹ ਦਾਅਵਾ ਸੀਬੀਆਈ ਅਤੇ ਈਡੀ ਕੇਸਾਂ ਦੀ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਅੱਗੇ ਕੀਤਾ। ਜੱਜ ਨੇ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਕੇਜਰੀਵਾਲ ਦੇ ਡਾਈਟ ਚਾਰਟ (ਖਾਣ-ਪੀਣ ਦਾ ਵੇਰਵਾ) ਸਮੇਤ ਮਾਮਲੇ ਦੀ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੇਜਰੀਵਾਲ ਨੇ ਅਦਾਲਤ ਕੋਲ ਪਹੁੰਚ ਕਰਕੇ ਆਪਣੇ ਰੈਗੂਲਰ ਡਾਕਟਰ ਨਾਲ ਵੀਡੀਓ ਕਾਨਫਰੰਸ ਰਾਹੀਂ ਮਸ਼ਵਰਾ ਕਰਨ ਦੀ ਇਜਾਜ਼ਤ ਮੰਗੀ ਸੀ ਕਿਉਂਕਿ ਉਸ ਦੀ ਸ਼ੂਗਰ ਦਾ ਪੱਧਰ ਵਧ-ਘੱਟ ਰਿਹਾ ਹੈ। ਜੱਜ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਭਲਕੇ ਤੱਕ ਰਿਪੋਰਟ ਪੇਸ਼ ਕਰਨ ਜਦੋਂ ਅਦਾਲਤ ਵੱਲੋਂ ਦੁਬਾਰਾ ਮਾਮਲੇ ਦੀ ਸੁਣਵਾਈ ਕੀਤੇ ਜਾਣ ਦੀ ਸੰਭਾਵਨਾ ਹੈ। ਉਧਰ ਕੇਜਰੀਵਾਲ ਨੇ ਆਪਣੇ ਡਾਕਟਰ ਨਾਲ ਹਫ਼ਤੇ 'ਚ ਤਿੰਨ ਵਾਰ ਬਲੱਡ ਸ਼ੂਗਰ ਲੈਵਲ ਆਦਿ 'ਤੇ ਨਿਗਰਾਨੀ ਸਬੰਧੀ ਵਰਚੁਅਲੀ ਮਸ਼ਵਰੇ ਦੀ ਮੰਗ ਵਾਲੀ ਅਰਜ਼ੀ ਵਾਪਸ ਲੈ ਲਈ ਹੈ। ਇਸ ਦੌਰਾਨ ਜੱਜ ਨੇ ਗੋਆ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੇ ਫੰਡਾਂ ਦਾ ਕਥਿਤ ਤੌਰ 'ਤੇ ਪ੍ਰਬੰਧ ਕਰਨ ਵਾਲੇ ਚੰਨਪ੍ਰੀਤ ਸਿੰਘ ਨੂੰ 23 ਅਪਰੈਲ ਤੱਕ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਈਡੀ 'ਚ ਹਿਰਾਸਤ ਦੀ ਮਿਆਦ ਖ਼ਤਮ ਹੋਣ ਮਗਰੋਂ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਜੱਜ ਨੇ 'ਆਪ' ਆਗੂ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ ਵੀ 26 ਅਪਰੈਲ ਤੱਕ ਵਧਾ ਦਿੱਤੀ ਹੈ। ਉਸ ਨੂੰ ਅੱਜ ਵੀਡੀਓ ਕਾਨਫਰੰਸ ਰਾਹੀਂ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਸਿਸੋਦੀਆ ਨਾਲ ਸਹਿ-ਮੁਲਜ਼ਮ ਸੰਜੇ ਸਿੰਘ, ਜਿਨ੍ਹਾਂ ਨੂੰ ਸੁਪਰੀਮ ਕੋਰਟ ਨੇ ਕੇਸ 'ਚ ਜ਼ਮਾਨਤ ਦਿੱਤੀ ਹੋਈ ਹੈ, ਵੀ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ 'ਚ ਪੇਸ਼ ਹੋਏ। ਸੀਬੀਆਈ ਵੱਲੋਂ ਦਾਖ਼ਲ ਕੇਸ 'ਚ ਸਿਸੋਦੀਆ ਦੀ ਨਿਆਂਇਕ ਹਿਰਾਸਤ 26 ਅਪਰੈਲ ਨੂੰ ਖ਼ਤਮ ਹੋਵੇਗੀ।



# ਸੰਤ ਸੀਚੇਵਾਲ ਵਲੋਂ ਲੋਕ ਸਭਾ ਵਾਸਤੇ ਪਾਰਟੀ ਲਈ ਨਹੀਂ ਕਰਨਗੇ ਚੋਣ ਪ੍ਰਚਾਰ

ਜਲੰਧਰ-ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਪੱਸ਼ਟ ਕੀਤਾ ਹੈ ਕਿ ਉਹ ਚੋਣ ਪ੍ਰਚਾਰ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਦੋ ਸਾਲ ਪਹਿਲਾਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਰਾਜ ਸਭਾ ਸੀਟ ਦੀ ਪੇਸ਼ਕਸ਼ ਕੀਤੀ ਸੀ ਤਾਂ ਉਨ੍ਹਾਂ ਨੇ ਤਿੰਨ ਵਾਰ ਜਵਾਬ ਦਿੱਤਾ ਸੀ ਕਿ ਉਹ ਸਿਆਸਤ ਵਿੱਚ ਨਹੀਂ ਆਉਣਾ ਚਾਹੁੰਦੇ ਤੇ ਉਹ ਸਮਾਜ ਸੇਵਾ ਦੇ ਖੇਤਰ ਵਿੱਚ ਹੀ ਰਹਿਣਾ ਚਾਹੁੰਦੇ ਹਨ ਤਾਂ ਉਸ ਵੇਲੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪਾਰਟੀ ਉਨ੍ਹਾਂ ਨੂੰ ਕਿਸੇ ਚੋਣ ਰੈਲੀ ਵਿੱਚ ਨਹੀਂ ਬੁਲਾਵੇਗੀ ਤੇ ਨਾ ਹੀ ਚੋਣ ਪ੍ਰਚਾਰ ਲਈ ਕਹੇਗੀ। ਸੀਚੇਵਾਲ ਨੇ ਕਿਹਾ ਕਿ ਉਹ ਸਾਲ 2002 ਤੋਂ ਵਾਤਾਵਰਣ ਨੂੰ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਲ ਕਰਨ ਲਈ ਰਾਜਨੀਤਿਕ ਪਾਰਟੀਆਂ ਨੂੰ ਕਹਿ ਰਹੇ ਹਨ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND B.Sc, L.L.B Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਅੰਤਰਰਾਸ਼ਟਰੀ ਵਿਦਿਆਰਥੀ 23 ਸਾਲਾ ਗੁਰਸਾਹਿਬ ਸਿੰਘ ਬਾਠ ਦੀ ਸੜਕ ਹਾਦਸੇ ਵਿਚ ਮੌਤ



ਸਰੀ-23 ਸਾਲਾ ਪੈਦਲ ਯਾਤਰੀ ਜਿਸ ਨੂੰ ਸ਼ੁੱਕਰਵਾਰ ਰਾਤ ਨਿਊਟਨ ਵਿਚ 61ਵੇਂ ਐਵੀਨਿਊ ਅਤੇ 144 ਸਟ੍ਰੀਟ ਵਿਖੇ ਮਰਸਡੀਜ਼ ਜੀਐਲਕੇ 250 ਨੇ ਟੱਕਰ ਮਾਰ ਦਿੱਤੀ ਸੀ ਦੀ ਸੱਟਾਂ ਕਾਰਨ ਮੌਤ ਹੋ ਗਈ। ਸਰੀ ਪੁਲਿਸ ਨੇ ਮੌਤ ਦਾ ਸ਼ਿਕਾਰ ਹੋਏ ਨੌਜਵਾਨ ਦੇ ਨਾਂਅ ਦੀ ਪੁਸ਼ਟੀ ਨਹੀਂ ਕੀਤੀ ਪਰ ਗੋਫੰਡਮੀ ਪੇਜ ਨੇ ਉਸ ਦੀ ਅੰਤਰਰਾਸ਼ਟਰੀ ਵਿਦਿਆਰਥੀ ਗੁਰਸਾਹਿਬ ਸਿੰਘ ਬਾਠ ਵਜੋਂ ਪਛਾਣ ਕੀਤੀ ਹੈ ਜਿਹੜਾ ਅਜੇ ਇਕ ਮਹੀਨਾ ਪਹਿਲਾਂ ਹੀ ਕੈਨੇਡਾ ਆਇਆ ਸੀ। ਬਰੈਂਪਟਨ ਵਾਸੀ ਜਗਜੀਤ ਸਿੰਘ ਉਸ ਦੀ ਲਾਸ਼ ਵਾਪਸ ਭਾਰਤ ਭੇਜਣ ਲਈ 25000 ਡਾਲਰ ਇਕੱਤਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੁਰਘਟਨਾ ਪਿੱਛੋਂ ਇਕ ਮਰਦ ਅਤੇ ਇਕ ਔਰਤ ਜਿਹੜੇ ਮਰਸਡੀਜ਼ ਵਿਚ ਜਾ ਰਹੇ ਸਨ ਨੂੰ ਹਸਪਤਾਲ ਲਿਜਾਇਆ ਗਿਆ।






# 'ਪਿਕਸ' ਸੁਸਾਇਟੀ ਨੇ ਲਾਂਗ ਟਰਮ ਸੀਨੀਅਰ ਕੇਅਰ ਫੈਸਿਲਟੀ ਲਈ 2 ਲੱਖ ਡਾਲਰ ਤੋਂ ਵੀ ਵੱਧ ਇਕੱਤਰ ਕੀਤੇ

ਸਰੀ-ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੁਸਾਇਟੀ(ਪਿਕਸ) ਨੇ 12 ਅਪ੍ਰੈਲ ਨੂੰ ਆਪਣੇ 'ਫ੍ਰੈਂਡਜ਼ ਆਫ ਪਿਕਸ ਗਾਲਾ ਐਂਡ ਫੰਡਰੇਜ਼ਰ ਵਿਖੇ ਪਰਉਪਕਾਰ ਤੇ ਕਮਿਊਨਿਟੀ ਸਹਾਇਤਾ ਲਈ ਮਹੱਤਵਪੂਰਣ ਸ਼ਾਮ ਮਨਾਈ। ਇਸ ਸਮਾਗਮ ਵਿਚ ਵੱਡੀ ਗਿਣਤੀ ਸਮਰਥਕ ਸ਼ਾਮਿਲ ਹੋਏ। ਗੁਰੂ ਨਾਨਕ ਡਾਇਵਰਸਿਟੀ ਵਿਲੇਜ ਪ੍ਰਾਜੈਕਟ ਲਈ ਫੰਡ ਇਕੱਤਰ ਕਰਨ ਦੇ ਉਦੇਸ਼ ਨਾਲ ਗਾਲਾ ਨੇ 125 ਬਿਸਤਰਿਆਂ ਵਾਲੀ ਸੀਨੀਅਰ ਕੇਅਰ ਫੈਸਿਲਟੀ ਦੀ ਉਸਾਰੀ ਲਈ 2 ਲੱਖ ਡਾਲਰ ਤੋਂ ਵੱਧ ਫੰਡ ਇਕੱਤਰ ਕਰਕੇ ਸਾਰੀਆਂ ਆਸਾਂ ਨੂੰ ਪਾਰ ਕੀਤਾ ਹੈ। ਪਿਕਸ ਸੁਸਾਇਟੀ ਵਲੋਂ ਅਜੇ ਇਕੱਤਰ ਕੀਤੇ ਜਾ ਰਹੇ ਪੰਜ ਮਿਲੀਅਨ ਡਾਲਰ ਫੰਡ ਅਤੇ ਸਰਕਾਰ ਦੇ 118 ਮਿਲੀਅਨ ਡਾਲਰ ਦੇ ਫੰਡ ਨਾਲ ਪ੍ਰਾਜੈਕਟ ਛੇਤੀ ਹੀ ਹੋਂਦ ਵਿਚ ਆ ਜਾਵੇਗਾ। ਮਹੱਤਵਪੂਰਣ ਸ਼ਾਮ ਵਿਚ ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਜੈਨੇਟ ਆਸਟਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਸਮੇਤ ਨਾਮਵਰ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ।



# ਬਰੈਂਡਾ ਲੌਕ ਨੇ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕਰਨ ਲਈ ਕੀਤੀ ਗੱਲਬਾਤ

ਸਰੀ-ਇਥੋਂ ਦੀ ਮੇਅਰ ਬਰੈਂਡਾ ਲੌਕ ਨੇ ਮੁਸਲਿਮ ਭਾਈਚਾਰੇ ਨੂੰ ਈਦ ਮੁਬਾਰਕਾਂ ਦੇਣ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਦੂਰ ਕਰਨ ਲਈ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਗੱਲਬਾਤ ਸਰੀ ਵਿਚ ਨਾਕਾਫੀ ਬੁਨਿਆਦੀ ਢਾਂਚੇ 'ਤੇ ਕੇਂਦਰਤਿ ਰਹੀ ਜਿਸ ਵਿਚ ਸਕੂਲ ਲਈ ਵਧੇਰੇ ਥਾਂ ਦੇਣ ਅਤੇ ਸਿਹਤ ਸੰਭਾਲ ਤਕ ਪਹੁੰਚ ਵਿਚ ਸੁਧਾਰ ਦੀ ਲੋੜ 'ਤੇ ਧਿਆਨ ਦਿੱਤਾ ਗਿਆ। ਪਕਵਾਨ ਹਾਊਸ ਰੈਸਟੋਰੈਂਟ ਵਿਖੇ ਸ਼ਾਮਿਲ ਲੋਕਾਂ ਨੇ ਬੇਘਰ ਹੋਣ ਅਤੇ



ਕਮਿਊਨਿਟੀ ਵਿਚ ਪ੍ਰਚਲਤ ਨਸ਼ਿਆਂ ਦੀ ਵਰਤੋਂ ਦੀ ਸੱਮਸਿਆ ਸਬੰਧੀ ਆਪਣੀਆਂ ਚਿੰਤਾਵਾਂ ਬਾਰੇ ਵੀ ਦੱਸਿਆ। ਉਨ੍ਹਾਂ ਦੀ ਖ਼ਾਸ ਚਿੰਤਾ ਸਕੂਲਾਂ ਦੇ ਨੇੜੇ ਨਸ਼ਿਆਂ ਦਾ ਹੁੰਦਾ ਵਪਾਰ ਅਤੇ ਬੱਚਿਆਂ ਦੇ ਅਪਰਾਧਿਕ ਸਰਗਰਮੀਆਂ ਅਤੇ ਗੈਂਗਾਂ ਵਿਚ ਸ਼ਾਮਿਲ ਹੋਣ ਦਾ ਵੱਧ ਰਿਹਾ ਡਰ ਹੈ। ਇਸ ਮੌਕੇ ਬੀਸੀ ਕੰਸਰਵੇਟਿਵ ਬਰੈਂਟ ਚੇਪਮਨ ਅਤੇ ਪਾਰਟੀ ਦੇ ਉਪ ਪ੍ਰਧਾਨ ਹਰਮਨ ਭੰਗੂ ਅਤੇ ਉੱਘੇ ਵਪਾਰੀ ਅਹਿਮਦ ਅਕਬਰ ਮੌਜੂਦ ਸਨ।






# Happy Vaisakhi

## ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

**This year marks 40 years since 1984. We are committed to getting the Sikh Genocide recognized in Canada.**

ਇਸ ਸਾਲ 1984 ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਹੈ। ਅਸੀਂ ਇਸ ਵਾਰ ਸਿੱਖ ਨਸਲਕੁਸ਼ੀ ਨੂੰ ਕਨੇਡਾ ਵਿਚ ਸਰਕਾਰੀ ਮਾਨਤਾ ਦੇਵਾਵਾਂਗੇ।

**Scan here if you agree**



**Peter Julian MP**
New Westminster-Burnaby
110-888 Carnarvon St,
New Westminster, BC
V3M 0C6
**604-775-5707**
**Peter.Julian.c1@parl.gc.ca**

**Bonita Zarrillo MP**
Port Moody-Coquitlam
1116 Austin Ave,
Coquitlam, BC
V3K 3P5
**604-664-9229**
**Bonita.Zarrillo@parl.gc.ca**

**Jagmeet Singh MP**
Burnaby South
4940 Kingsway
Burnaby, BC
V5H 2E2
**604-291-8863**
**Jagmeet.Singh@parl.gc.ca**


**Jenny Kwan MP**
Vancouver East
2572 E Hastings Street
Vancouver, BC
V5K 1Z3
**604-775-5800**
**Jenny.Kwan@parl.gc.ca**




**Don Davies MP**
Vancouver Kingsway
2951 Kingsway,
Vancouver, BC
V5R 5J4
**604-775-6263**
**Don.Davies@parl.gc.ca**

NDP

# ਕੈਨੇਡਾ ਵਿਚ 22.5 ਮਿਲੀਅਨ ਡਾਲਰ ਮੁੱਲ ਦੇ ਸੋਨੇ ਤੇ ਨਕਦੀ ਦੀ ਚੋਰੀ ਵਿਚ ਕੁਝ ਪੰਜਾਬੀਆਂ ਸਮੇਤ 9 ਗ੍ਰਿਫ਼ਤਾਰ

ਟੋਰਾਂਟੋ-ਇਥੋਂ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਇਕ ਸਾਲ ਪਹਿਲਾਂ 22.5 ਮਿਲੀਅਨ ਡਾਲਰ ਸੋਨ ਤੇ ਨਕਦੀ ਦੀ ਕੀਤੀ ਚੋਰੀ ਦੇ ਸਬੰਧ ਵਿਚ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਤਿੰਨ ਹੋਰ ਦੀ ਭਾਲ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਏਅਰ ਇੰਡੀਆ ਦੇ ਮੁਲਾਜ਼ਮ ਤੇ ਪੰਜਾਬੀ ਮੂਲ ਦਾ ਬਰੈਂਪਟਨ ਵਾਸੀ 54 ਸਾਲਾ ਪਰਮਪਾਲ ਸਿੱਧੂ ਸ਼ਾਮਿਲ ਹੈ। ਇਕ ਹੋਰ ਪੰਜਾਬੀ 31 ਸਾਲਾ ਸਿਮਰਨ ਪ੍ਰੀਤ ਪਨੇਸਰ ਅਜੇ ਪੁਲਿਸ ਦੇ ਹੱਥ ਨਹੀਂ ਲੱਗਾ। ਪਨੇਸਰ ਮੈਨੇਜਰ ਵਜੋਂ ਕੰਮ ਕਰਦਾ ਸੀ ਅਤੇ ਉਸ ਨੇ ਚੋਰੀ ਪਿੱਛੋਂ ਏਅਰ ਕੈਨੇਡਾ ਦੀ ਨੌਕਰੀ ਛੱਡ ਦਿੱਤੀ ਸੀ। ਸਿੱਧੂ ਖਿਲਾਫ 5000 ਡਾਲਰ ਤੋਂ ਵੱਧ ਦੀ ਚੋਰੀ ਅਤੇ ਸਜ਼ਾਯੋਗ ਅਪਰਾਧ ਲਈ ਸਾਜਿਸ਼ ਰਚਣ ਦੇ ਦੋਸ਼ ਲਗਾਏ ਗਏ ਹਨ। ।ਏਅਰ ਕੈਨੇਡਾ ਦੇ ਬੁਲਾਰੇ ਪੀਟਰ ਫਿਟਜ਼ਪੈਟਰਿਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਨ੍ਹਾਂ ਵਿਅਕਤੀਆਂ ਦੀ ਪੁਲਿਸ ਨੇ ਪਛਾਣ ਦੱਸੀ ਹੈ ਉਹ ਚੋਰੀ ਦੇ ਸਮੇਂ ਕਾਰਗੋ ਡਵੀਜ਼ਨ ਵਿਚ ਕੰਮ ਕਰਦੇ ਸਨ। ਇਕ ਨੇ ਅੱਜ ਦੀਆਂ ਗ੍ਰਿਫ਼ਤਾਰੀਆਂ ਦੇ ਐਲਾਨ ਤੋਂ ਪਹਿਲਾਂ ਹੀ ਕੰਪਨੀ ਛੱਡ ਦਿੱਤੀ ਸੀ ਅਤੇ ਦੂਸਰੇ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਹੈ। ਨਕਦੀ ਨੂੰ ਸੰਭਾਲਣ ਵਾਲੀ ਕੰਪਨੀ ਬਰਿਕ ਕੈਨੇਡਾ ਨੇ ਸੋਨਾ ਤੇ ਕਰੰਸੀ ਜ਼ਿਊਰਖ ਤੋਂ ਮੰਗਵਾਈ ਸੀ। ਹੋਰ ਦੋਸ਼ੀਆਂ ਦੀ ਪਛਾਣ 40 ਸਾਲਾ ਅਮਿਤ ਜਲੋਟਾ ਵਾਸੀ ਓਕਵਿਲ ਓਨਟਾਰੀਓ, 43 ਸਾਲਾ ਅਹਿਮਦ ਚੌਧਰੀ ਵਾਸੀ ਜੌਰਜਟਾਊਨ, ਓਨਟਾਰੀਓ, 37 ਸਾਲਾ ਅਲੀ ਰਜ਼ਾ ਵਾਸੀ ਟੋਰਾਂਟੋ, 36 ਸਾਲਾ ਅਰਚਿਤ ਗਰੋਵਰ ਵਾਸੀ ਬਰੈਂਪਟਨ, 32 ਸਾਲਾ ਅਰਸਲਾਨ ਚੌਧਰੀ ਵਾਸੀ ਬਰੈਂਪਟਨ ਅਤੇ 35 ਸਾਲਾ ਪ੍ਰਸਥ ਪਰਾਮਾਲਿੰਗਮ ਵਜੋਂ ਕੀਤੀ ਗਈ। 17 ਅਪ੍ਰੈਲ 2023 ਨੂੰ ਚੋਰੀ ਕੀਤੇ ਸੋਨੇ ਵਿਚੋਂ ਪੁਲਿਸ 65000 ਡਾਲਰ ਮੁੱਲ ਦੀਆਂ ਸਿਰਫ 6 ਇੱਟਾਂ ਹੀ ਬਰਾਮਦ ਕਰ ਸਕੀ ਹੈ। ਪੁਲਿਸ ਨੇ 312000 ਡਾਲਰ ਦੀ ਨਕਦੀ ਵੀ ਬਰਾਮਦ ਕੀਤੀ ਹੈ ਜਿਸ ਬਾਰੇ ਸ਼ੱਕ ਕੀਤਾ ਜਾਂਦਾ ਹੈ ਕਿ ਇਹ ਪੈਸਾ ਸੋਨਾ ਵੇਚ ਕੇ ਕਮਾਇਆ ਗਿਆ ਸੀ। ਕੈਨੇਡੀਅਨ ਪੁਲਿਸ ਨੇ ਅਲਕੋਹਲ, ਤੰਬਾਕੂ, ਅਗਨੀ ਸ਼ਾਸਤਰ ਅਤੇ ਵਿਸਫੋਟਕ ਬਾਰੇ ਅਮਰੀਕੀ ਬਿਊਰੋ ਦੇ ਫਿਲਾਡੇਲਫੀਆ ਡਵੀਜ਼ਨ ਨਾਲ ਮਿਲ ਕੇ ਇਹ ਕਾਰਵਾਈ ਕੀਤੀ ਹੈ ਜਿਸ ਨੇ ਇਕ ਵਿਅਕਤੀ ਨੂੰ ਅਮਰੀਕਾ ਵਿਚ ਗ੍ਰਿਫਤਾਰ ਕੀਤਾ ਹੈ ਜਿਸ ਕੋਲੋਂ 65 ਗੈਰਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ। ਉਸ ਨੂੰ ਸੜਕ 'ਤੇ ਆਮ ਚੈਕਿੰਗ ਦੌਰਾਨ ਰੋਕਿਆ ਗਿਆ ਸੀ ਜਿਸ ਦੇ ਸਿੱਟੇ ਵਜੋਂ ਉਸ ਦੀ ਗ੍ਰਿਫ਼ਤਾਰੀ ਕੀਤੀ ਗਈ। ਚੋਰੀ ਕੀਤਾ ਗਿਆ ਸੋਨਾ ਤੇ ਵਿਦੇਸ਼ੀ ਕਰੰਸੀ ਜ਼ਿਊਰਿਖ ਵਿਚ ਇਕ ਰਿਫਾਇਨਰੀ ਤੋਂ ਮੰਗਵਾਈ ਗਈ ਸੀ। ਸੋਨਾ ਤੇ ਪੈਸੇ ਏਅਰ ਇੰਡੀਆ ਦੀ ਉਡਾਨ ਰਾਹੀਂ ਟੋਰਾਂਟੋ ਲਿਜਾਇਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਚਾਰ ਕੁਇੰਟਲ ਭਾਰੀਆਂ 6600 ਸੋਨੇ ਦੀਆਂ ਇੱਟਾਂ ਅਤੇ 1.8 ਮਿਲੀਅਨ ਡਾਲਰ ਦੀ ਕਰੰਸੀ ਚੋਰੀ ਕੀਤੀ ਗਈ ਸੀ। ਪੀਲ ਰੀਜਨਲ ਪੁਲਿਸ ਦੇ ਡਿਟੇਕਟਿਵ ਸਾਰਜੈਂਟ ਮਾਈਕ ਮੈਵਿਟੀ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਪੁਲਿਸ ਨੂੰ ਸ਼ੱਕ ਹੈ ਕਿ ਚੋਰਾਂ ਨੇ ਸੋਨੇ ਨੂੰ ਢਾਲ ਕੇ ਵੇਚ ਦਿੱਤਾ ਹੈ ਅਤੇ ਉਸ ਪੈਸੇ ਨਾਲ ਸਮੱਗਲਿੰਗ ਕਰਨ ਦੇ ਹਿੱਸੇ ਵਜੋਂ ਗੈਰਕਾਨੂੰਨੀ ਹਥਿਆਰਾਂ ਦੀ ਖਰੀਦ ਕੀਤੀ ਹੈ।



### 17 ਅਪ੍ਰੈਲ 2023 ਨੂੰ ਹੋਈ ਸੀ ਚੋਰੀ

ਜ਼ਿਊਰਖ ਤੋਂ ਏਅਰ ਇੰਡੀਆ ਦੇ ਜਹਾਜ਼ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ ਪਿੱਛੋਂ ਸੋਨਾ ਤੇ ਨਕਦੀ ਵਾਲੇ ਡੱਬੇ ਕਾਰਗੋ ਫੈਸਿਲਟੀ ਵਿਚ ਰੱਖੇ ਗਏ ਸਨ। ਉਸੇ ਦਿਨ ਸ਼ਾਮ ਨੂੰ ਸ਼ੱਕੀ 25 ਸਾਲਾ ਡਰਾਈਵਰ ਦੁਰਾਂਤੇ ਕਿੰਗ-ਮੈਕਲੀਨ ਜਿਸ ਨੂੰ ਅਮਰੀਕਾ ਵਿਚ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੋਇਆ ਹੈ ਪੰਜ ਟਨ ਭਾਰ ਦੀ ਸਮਰੱਥਾ ਵਾਲਾ ਟਰੱਕ ਲੈ ਕੇ ਕਾਰਗੋ ਵੇਅਰਹਾਊਸ ਵਿਚ ਪੁੱਜਾ। ਵੇਅਰਹਾਊਸ 'ਤੇ ਮੌਜੂਦ ਮੁਲਾਜ਼ਮ ਨੂੰ ਸ਼ੱਕੀ ਡਰਾਈਵਰ ਮੈਕਲੀਨ ਨੇ ਜਾਅਲੀ ਏਅਰਵੇਅ ਬਿਲ ਸੌਂਪੇ। ਉਸ ਨੇ ਸੋਨੇ ਤੇ ਨਕਦੀ ਵਾਲੇ ਡੱਬੇ ਟਰੱਕ ਵਿਚ ਲੱਦੇ ਤੇ ਚਲਾ ਗਿਆ। ਸੋਨਾ ਤੇ ਨਕਦੀ ਬਰਿਕ ਕੈਨੇਡਾ ਕੰਪਨੀ ਨੇ ਮੰਗਵਾਏ ਸਨ। ਉਸੇ ਰਾਤ ਜਦੋਂ ਬਰਿਕ ਕੈਨੇਡਾ ਦੇ ਮੁਲਾਜ਼ਮ ਸੋਨੇ ਦੇ ਕੰਟੇਨਰ ਲੈਣ ਕਾਰਗੋ ਫੈਸਲਿਟੀ ਪੁੱਜੇ ਤਾਂ ਪਤਾ ਲੱਗਾ ਕਿ ਸੋਨਾ ਚੋਰੀ ਹੋ ਗਿਆ ਹੈ। ਸਾਲ ਭਰ ਦੀ ਲੰਬੀ ਜਾਂਚ ਵਿਚ ਅਧਿਕਾਰੀਆਂ ਨੇ 37 ਤਲਾਸ਼ੀ ਵਾਰੰਟਾਂ ਦੀ ਤਾਮੀਲ ਕੀਤੀ ਅਤੇ 50 ਤੋਂ ਵੀ ਵੱਧ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ। ਇਸ ਮਾਮਲੇ ਵਿਚ 19 ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਸ਼ੱਕ ਹੈ ਕਿ ਏਅਰ ਕੈਨੇਡਾ ਦੇ ਗ੍ਰਿਫ਼ਤਾਰ ਮੁਲਾਜ਼ਮਾਂ ਨੇ ਜਾਅਲੀ ਬਿੱਲ ਬਣਾਉਣ ਵਿਚ ਮਦਦ ਕੀਤੀ ਸੀ। ਮੈਵਟੀ ਨੇ ਦੱਸਿਆ ਕਿ ਪੁਲਿਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਏਅਰਵੇਅ ਬਿੱਲ ਇਕ ਦਿਨ ਪਹਿਲਾਂ ਡਲਿਵਰ ਕੀਤੇ ਗਏ ਸਮੁੰਦਰੀ ਫੂਡ ਦੀ ਇਕ ਸ਼ਿਪਮੈਂਟ ਲਈ ਵਰਤੇ ਗਏ ਦਸਤਾਵੇਜ਼ਾਂ ਦਾ ਡੁਪਲੀਕੇਟ ਸੀ।


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜ਼ਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
- ਕਾਰ • ਟਰੱਕ
- ਘਰਾਂ ਦੀ ਇੰਸ਼ੋਰੈਂਸ
- ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਪ੍ਰਧਾਨ ਮੰਤਰੀ ਦੀ ਕਮਿਸ਼ਨ ਸਾਹਮਣੇ ਗਵਾਹੀ ਤੇ ਸਵਾਲ

## ਵਿਦੇਸ਼ੀ ਦਖਲਅੰਦਾਜੀ ਦਾ ਮੁੱਦਾ

**ਸੁਖਵਿੰਦਰ ਸਿੰਘ ਚੋਹਲਾ**


ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਕਰ ਰਹੇ ਜਸਟਿਸ ਮੈਰੀ ਜੋਸ ਹੋਗ ਦੀ ਅਗਵਾਈ ਵਾਲੇ ਕਮਿਸ਼ਨ ਵਲੋਂ ਪਿਛਲੇ ਹਫਤੇ ਤੋਂ ਸਿਆਸੀ ਆਗੂਆਂ ਅਤੇ ਜਨਤਕ ਸੰਸਥਾਵਾਂ ਦੇ ਪ੍ਰਤੀਨਿਧਾਂ ਦੀਆਂ ਗਵਾਹੀਆਂ ਲਈਆਂ ਜਾ ਰਹੀਆਂ ਹਨ। ਕਮਿਸ਼ਨ ਸਾਹਮਣੇ ਹੁਣ ਤੱਕ ਡਾਇਸਪੋਰਾ ਪ੍ਰਤੀਨਿਧਾਂ, ਸਿਆਸੀ ਆਗੂਆਂ ਤੇ ਪ੍ਰਭਾਵਿਤ ਆਗੂਆਂ ਵਲੋਂ ਗਵਾਹੀਆਂ ਦਿੱਤੀਆਂ ਗਈਆਂ ਹਨ। ਬੀਤੇ ਦਿਨ ਕਮਿਸ਼ਨ ਸਾਹਮਣੇ ਪ੍ਰਧਾਨ ਮੰਤਰੀ ਟਰੂਡੋ ਦੀ ਪੇਸ਼ੀ ਆਖਰੀ ਗਵਾਹੀ ਵਜੋਂ ਹੋਈ। ਕਮਿਸ਼ਨ ਵਲੋਂ 3 ਮਈ ਨੂੰ ਆਪਣੀ ਸ਼ੁਰੂਆਤੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਕਮਿਸ਼ਨ ਦੇ ਸਿੱਟੇ ਤੇ ਸਿਫਾਰਸ਼ਾਂ ਸਾਲ ਦੇ ਅੰਤ ਤੱਕ ਸਾਹਮਣੇ ਆਉਣ ਦੀ ਸੰਭਾਵਨਾ ਹੈ। ਪਰ ਇਸ ਦੌਰਾਨ ਪ੍ਰਧਾਨ ਮੰਤਰੀ ਦੀ ਗਵਾਹੀ ਵਿਚ ਜੋ ਖੁਲਾਸਾ ਹੋਇਆ ਹੈ, ਉਹ ਬਹੁਤ ਹੀ ਦੁਬਿਧਾਪੂਰਣ ਤੇ ਹੈਰਾਨੀਜਨਕ ਹੈ। ਪ੍ਰਧਾਨ ਮੰਤਰੀ ਨੇ ਕੈਨੇਡੀਅਨ ਚੋਣਾਂ ਵਿਚ ਵਿਦੇਸੀ ਦਖਲਅੰਦਾਜੀ ਨੂੰ ਕੁਝ ਹੱਦ ਤੱਕ ਪ੍ਰਭਾਵ ਪਾਉਣ ਵਾਲੀ ਤਾਂ ਮੰਨਿਆ ਹੈ ਪਰ ਨਾਲ ਹੀ ਕਿਹਾ ਹੈ ਕਿ ਇਹ ਅਜਿਹੀ ਨਹੀ ਹੋ ਸਕਦੀ ਜੋ ਸਰਕਾਰਾਂ ਬਣਾਉਣ ਤੱਕ ਅਸਰਅੰਦਾਜ਼ ਹੋਵੇ। ਉਹਨਾਂ ਪਿਛਲੇ ਸਮੇਂ ਦੌਰਾਨ ਚੀਨ ਨਾਲ ਦੁਵੱਲੇ ਸਬੰਧਾਂ ਦੇ ਤਣਾਅਪੂਰਣ ਹੋਣ ਅਤੇ ਦੋ ਕੈਨੇਡੀਅਨ ਡਿਪਲੋਮੈਟਾਂ ਦੀ ਗ੍ਰਿਫਤਾਰੀ ਦਾ ਖਾਸ ਜ਼ਿਕਰ ਕੀਤਾ। ਪਰ ਉਹ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀ ਕਿ ਚੀਨ ਨੇ ਲਿਬਰਲ ਘੱਟਗਿਣਤੀ ਸਰਕਾਰ ਬਣਾਉਣ ਵਿਚ ਕੋਈ ਭੂਮਿਕਾ ਨਿਭਾਈ ਹੈ। ਉਹਨਾਂ ਸਾਬਕਾ ਕੰਸਰਵੇਟਿਵ ਆਗੂ ਐਰਿਨ ਓਟੂਲ ਦੇ ਇਸ ਦਾਅਵੇ ਨੂੰ ਖਾਰਜ ਕੀਤਾ ਕਿ ਚੀਨੀ ਦਖਲਅੰਦਾਜੀ ਕਾਰਣ ਉਹਨਾਂ ਨੂੰ 9 ਸੀਟਾਂ ਦਾ ਨੁਕਸਾਨ ਸਹਿਣ ਕਰਨਾ ਪਿਆ। ਉਹਨਾਂ ਚੀਨੀ ਦਖਲ ਦੇ ਮੁੱਦੇ ਤੇ ਕੈਨੇਡੀਅਨ ਖੁਫੀਆ ਏਜੰਸੀ ਸੀਸਸ ਦੀ ਭਰੋਸੇਯੋਗਤਾ ਉਪਰ ਵੀ ਸਵਾਲ ਉਠਾਏ। ਉਹਨਾਂ ਸੀਸਸ ਦੀ ਇਸ ਰਿਪੋਰਟ ਨੂੰ ਕਿਸੇ ਅਧਿਕਾਰੀ ਦੀ ਸ਼ੇਖੀ ਨਾਲ ਵੀ ਤੁਲਨਾਇਆ। ਪ੍ਰਧਾਨ ਮੰਤਰੀ ਵੱਲੋਂ ਕੰਸਰਵੇਟਿਵ ਦੇ ਦਾਅਵੇ ਨੂੰ ਖਾਰਜ ਕਰਨਾ ਤਾਂ ਉਹਨਾਂ ਦੀ ਕਿਸੇ ਸਿਆਸੀ ਸੂਝ ਦਾ ਪ੍ਰਗਟਾਵਾ ਹੋ ਸਕਦਾ ਹੈ ਪਰ ਆਪਣੇ ਮੁਲਕ ਦੀ ਖੁਫੀਆ ਏਜੰਸੀ ਦੀ ਰਿਪੋਰਟ ਅਤੇ ਭਰੋਸੇਯੋਗਤਾ ਤੇ ਸਵਾਲ ਅਤਿ ਸੰਵੇਦਨਸ਼ੀਲ ਹੈ। ਇਸ ਮੁੱਦੇ ਤੇ ਉਹਨਾਂ ਦੀ ਸਾਬਕਾ ਸਲਾਹਕਾਰ ਦੀ ਗਵਾਹੀ ਕਿ ਉਹ ਖੁਫੀਆ ਰਿਪੋਰਟਾਂ ਬਾਰੇ ਪ੍ਰਧਾਨ ਮੰਤਰੀ ਨੂੰ ਸਾਰੀ ਜਾਣਕਾਰੀ ਦਿੰਦੇ ਰਹੇ ਹਨ, ਨੇ ਪ੍ਰਧਾਨ ਮੰਤਰੀ ਦੇ ਅਣਜਾਣ ਹੋਣ ਦੇ ਦਾਅਵੇ ਨੂੰ ਖਾਰਜ ਕੀਤਾ ਹੈ। ਇਸ ਗਵਾਹੀ ਨੇ ਕੈਨੇਡੀਅਨ ਸਿਆਸਦਾਨਾਂ ਦੇ ਦੂਹਰੇ ਮਾਪਦੰਡ ਨੂੰ ਜ਼ਾਹਰ ਕੀਤਾ ਹੈ। ਜਦੋ ਉਹ ਕੈਨੇਡੀਅਨ ਸਿਆਸਤ ਵਿਚ ਬਾਹਰੀ ਮੁਲਕਾਂ ਦੀ ਦਖਲਅੰਦਾਜੀ ਦੀ ਗੱਲ ਕਰਦਿਆਂ ਖੁਫੀਆ ਏਜੰਸੀਆਂ ਦੇ ਦਾਅਵਿਆਂ ਤੇ ਭਰੋਸਾ ਪ੍ਰਗਟ ਕਰਦੇ ਹਨ ਤਾਂ ਆਪਣੀ ਸਿਆਸੀ ਵਿਰੋਧੀ ਪਾਰਟੀ ਖਿਲਾਫ ਕੀਤੀ ਗਈ ਕਿਸੇ ਟਿਪਣੀ ਜਾਂ ਦਾਅਵੇ ਸਮੇਂ ਉਹਨਾਂ ਹੀ ਏਜੰਸੀਆਂ ਉਪਰ ਬੇਯਕੀਨੀ ਕਿਉਂ?



ਪਿਛਲੇ ਸਮੇਂ ਦੌਰਾਨ ਚੀਨੀ ਮੂਲ ਦੇ ਕੰਸਰਵੇਟਿਵ ਐਮ ਪੀ ਮਾਈਕਲ ਚਾਂਗ, ਲਿਬਰਲ ਕਾਕਸ ਛੱਡ ਚੁੱਕੇ ਐਮ ਪੀ ਹੈਨ ਡੌਂਗ ਤੇ ਐਨ ਡੀ ਪੀ ਦੀ ਐਮ ਪੀ ਜੈਨੀ ਕੁਵਾਨ ਵਲੋਂ ਚੀਨੀ ਦਖਲਅੰਦਾਜੀ ਦੇ ਦੋਸ਼ ਲਗਾਉਣ ਤੇ ਉਹਨਾਂ ਸਮੇਤ ਉਹਨਾਂ ਦੇ ਪਰਿਵਾਰਾਂ ਨੂੰ ਡਰਾਉਣ ਧਮਕਾਉਣ ਵਰਗੇ ਇਲਜਾਮ ਸਾਹਮਣੇ ਆਉਣ ਉਪਰੰਤ ਇਹਨਾਂ ਆਗੂਆਂ ਵਲੋਂ ਹੁਣ ਕਮਿਸ਼ਨ ਸਾਹਮਣੇ ਵੀ ਆਪਣੀ ਗਵਾਹੀਆਂ ਦਰਜ ਕਰਵਾਈਆਂ ਗਈਆਂ ਹਨ। ਪਰ ਇਸ ਦੌਰਾਨ ਸਾਬਕਾ ਕੰਸਰਵੇਟਿਵ ਆਗੂ ਐਰਿਨ ਓਟੂਲ ਨੇ ਆਪਣੀ ਗਵਾਹੀ ਦੌਰਾਨ ਜੋ ਖੁਲਾਸਾ ਕੀਤਾ ਹੈ, ਉਹ ਬਹੁਤ ਹੀ ਗੰਭੀਰ ਤੇ ਚੌਂਕਾ ਦੇਣ ਵਾਲਾ ਹੈ। ਐਰਿਨ ਓਟੂਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਪਿਛਲੀਆਂ 2021 ਦੀਆਂ ਚੋਣਾਂ ਦੌਰਾਨ ਜਦੋਂ ਕੰਸਰਵੇਟਿਵ ਦੀ ਚੋਣ ਮੁਹਿੰਮ ਪੂਰੇ ਸਿਖਰ ਤਾਂ ਸੀ ਉਹਨਾਂ ਖਿਲਾਫ ਅਜਿਹਾ ਪ੍ਰਚਾਰ ਕੀਤਾ ਗਿਆ ਕਿ ਜਿਵੇਂ ਕੰਸਰਵੇਟਿਵ, ਚੀਨ ਵਿਰੋਧੀ ਹੈ ਤੇ ਉਹ ਚੀਨ ਨਾਲ ਚੰਗੇਰੇ ਸਬੰਧਾਂ ਦੇ ਹਾਮੀ ਨਹੀ ਹਨ। ਇਸ ਕੂੜ ਪ੍ਰਚਾਰ ਲਈ ਚੀਨੀ ਐਪ ਵੀਚੈਟ ਅਤੇ ਟਿਕਟੌਕ ਦਾ ਖੁਲਕੇ ਇਸਤੇਮਾਲ ਕੀਤਾ ਗਿਆ। ਇਸ ਗਲਤ ਪ੍ਰਚਾਰ ਰਾਹੀ ਕੰਸਰਵੇਟਿਵ ਪਾਰਟੀ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ 2021 ਦੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਦੇ 9 ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਹਨਾਂ ਕਿਹਾ ਕਿ ਸਰਵੇ ਰਿਪੋਰਟਾਂ ਮੁਤਾਬਿਕ ਅਤੇ ਉਹਨਾਂ ਦੀ ਪਾਰਟੀ ਦੀ ਚੋਣ ਮੁਹਿੰਮ ਨੂੰ ਹੁੰਗਾਰੇ ਤੋਂ ਇਹ ਸਪੱਸ਼ਟ ਸੀ ਕੰਸਰਵੇਟਿਵ ਘੱਟੋ ਘੱਟ 127 ਸੀਟਾਂ ਜਿਤੇਗੀ ਪਰ ਇਸ ਝੂਠੇ ਪ੍ਰਚਾਰ ਕਾਰਣ ਪਾਰਟੀ ਕੇਵਲ 119 ਸੀਟਾਂ ਤੱਕ ਸਿਮਟ ਗਈ। ਕਮਿਸ਼ਨ ਸਾਹਮਣੇ ਦਿੱਤੇ ਬਿਆਨ ਵਿਚ ਓਟੂਲ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਸੀ ਕਿ ਚੀਨ ਦੀ ਦਖਲਅੰਦਾਜ਼ੀ ਵੋਟਾਂ ਦੇ ਨਤੀਜੇ ਬਦਲ ਦੇਵੇਗੀ। ਇਸ ਦਖਲਅੰਦਾਜੀ ਕਾਰਣ ਲਿਬਰਲ ਘੱਟਗਿਣਤੀ ਸਰਕਾਰ ਹੋਂਦ ਵਿਚ ਆਈ।

ਪਰ ਹੁਣ ਜਾਂਚ ਕਮਿਸ਼ਨ ਸਾਹਮਣੇ ਆਪਣੀ ਗਵਾਹੀ ਦੌਰਾਨ ਪ੍ਰਧਾਨ ਮੰਤਰੀ ਨੇ ਉਹਨਾਂ ਰਿਪੋਰਟਾਂ ਨੂੰ ਕਾਰਜ ਕੀਤਾ ਹੈ ਜਿਹਨਾਂ ਵਿਚ ਚੀਨੀ ਸਰਕਾਰ ਵਲੋਂ ਲਿਬਰਲ ਅਤੇ ਉਹਨਾਂ ਦੀ ਘੱਟ ਗਿਣਤੀ ਸਰਕਾਰ ਬਣਾਉਣ ਵਿਚ ਨਿਭਾਈ ਗਈ ਭੂਮਿਕਾ ਦੇ ਦਾਅਵੇ ਕੀਤੇ ਗਏ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋ ਆਪਣੇ ਸਿਆਸੀ ਵਿਰੋਧੀਆਂ ਦੇ ਦਾਅਵਿਆਂ ਨੂੰ ਖਾਰਜ ਕਰਨ ਦਾ ਆਪਣਾ ਪੱਖ ਹੋ ਸਕਦਾ ਹੈ ਪਰ ਇਸ ਦੌਰਾਨ ਆਪਣੇ ਖੁਫੀਆ ਤੰਤਰ ਉਪਰ ਬੇਵਿਸਵਾਸੀ ਦਾ ਪਗਟਾਵਾ ਕਈ ਸਵਾਲਾਂ ਨੂੰ ਜਨਮ ਦਿੰਦਾ ਹੈ।






# ਵਿਦੇਸ਼ੀ ਦਖਲਅੰਦਾਜ਼ੀ ਖਿਲਾਫ ਲੜਾਈ ਲਈ ਸੀਐਸਆਈਐਸ ਨੂੰ ਮਿਲਣਗੇ 650 ਮਿਲੀਅਨ ਡਾਲਰ

ਓਟਵਾ-ਫੈਡਰਲ ਸਰਕਾਰ ਨੇ ਆਪਣੇ ਬਜਟ ਵਿਚ ਐਲਾਨ ਕੀਤਾ ਕਿ ਉਹ ਵਿਦੇਸ਼ੀ ਦਖਲਅੰਦਾਜ਼ੀ ਖਿਲਾਫ ਲੜਨ ਅਤੇ ਟੋਰਾਂਟੋ ਵਿਚ ਜਾਸੂਸੀ ਏਜੰਸੀ ਦੇ ਖੇਤਰੀ ਦਫਤਰ ਦੇ ਆਪਰੇਸ਼ਨਾਂ ਨੂੰ ਮਜ਼ਬੂਤ ਕਰਨ ਲਈ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਨੂੰ ਅੱਠ ਸਾਲਾਂ ਵਿਚ 667.7 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਪੈਸੇ ਦੇ ਰਹੀ ਹੈ। ਟੋਰਾਂਟੋ ਉਨ੍ਹਾਂ ਸ਼ਹਿਰਾਂ ਵਿਚੋਂ ਇਕ ਹੈ ਜਿਨ੍ਹਾਂ ਦਾ ਬਾਹਰਲੇ ਦੇਸ਼ਾਂ ਵਲੋਂ ਘਰੇਲੂ ਮਾਮਲਿਆਂ ਵਿਚ ਦਖਲ ਦੇਣ ਦੇ ਮਾਮਲਿਆਂ ਵਿਚ ਜ਼ਿਕਰ ਹੁੰਦਾ ਹੈ। ਬਜਟ ਦਸਤਾਵੇਜ਼ ਕਹਿੰਦਾ ਹੈ ਕਿ ,ਸੀਐਸਆਈਐਸ ਨੂੰ ਉਭਰ ਰਹੇ ਵਿਸ਼ਵ ਖ਼ਤਰਿਆਂ ਦਾ ਮੁਕਾਬਲਾ ਕਰਨ ਅਤੇ ਤਕਨੀਕੀ ਵਿਕਾਸ ਦੇ ਹਾਣਦਾ ਬਣਾਈ ਰੱਖਣ ਲਈ ਇੰਟੈਲੀਜੈਂਸ ਸਮਰੱਥਾਵਾਂ ਅਤੇ ਬੁਨਿਆਦੀ ਢਾਂਚੇ ਵਿਚ ਨਿਵੇਸ਼ ਦੀ ਲੋੜ ਹੈ। ਇਸ ਦਾ ਕਹਿਣਾ ਕਿ ਕੈਨੇਡਾ ਦੀਆਂ ਲੋਕਤੰਤਰੀ ਸੰਸਥਾਵਾਂ, ਡਾਇਸਪੋਰਾ ਕਮਿਊਨਿਟੀਜ਼ ਅਤੇ ਆਰਥਿਕਤਾ ਲਗਾਤਾਰ ਦੁਸ਼ਮਣ ਤੱਤਾਂ ਦੇ ਖ਼ਤਰਿਆਂ ਦਾ ਸਾਹਮਣਾ ਕਰ ਰਹੀ ਹੈ।

REAL ESTATE
BUY & SELL
KULWANT ATWAL
604-716-2135

MORTGAGES
1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE
TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex
A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House
To Sell & Save
Thousands Dollars
& Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਅਲਬਰਟਾ ਦੀ ਜਨਸੰਖਿਆ ਵਿਚ ਰਿਕਾਰਡ ਤੋੜ ਵਾਧਾ

ਐਡਮਿੰਟਨ-ਅਲਬਰਟਾ ਦੀ ਜਨਸੰਖਿਆ ਵਿਚ ਰਿਕਾਰਡ ਤੋੜ ਵਾਧਾ ਹੋ ਰਿਹਾ ਹੈ। ਨਵੇਂ ਆ ਰਹੇ ਲੋਕਾਂ ਦੇ ਕੈਲਗਰੀ ਸੈਂਟਰ ਦੇ ਚੀਫ ਪ੍ਰੋਗਰਾਮ ਅਫਸਰ ਕੈਲੀ ਅਰਨਸਟ ਦੇ ਸ਼ਬਦਾਂ ਮੁਤਾਬਿਕ ਇਥੇ ਸਟਾਫ ਪੂਰੀ ਤਰ੍ਹਾਂ ਰੁਝਾ ਹੋਇਆ ਹੈ। ਗੈਰਮੁਨਾਫਾ ਸੰਗਠਨ ਜਿਹੜਾ ਅਲਬਰਟਾ ਦੇ ਸਭ ਤੋਂ ਵੱਡੇ ਸ਼ਹਿਰ ਵਿਚ ਪ੍ਰਵਾਸੀਆਂ ਤੇ ਸ਼ਰਨਾਰਥੀਆਂ ਨੂੰ ਸੇਵਾਵਾਂ ਅਤੇ ਭਾਸ਼ਾ ਦੀ ਸਿਖਲਾਈ ਦਿੰਦਾ ਹੈ ਨੇ ਪਿਛਲੇ ਸਾਲ 50000 ਗਾਹਕਾਂ ਦੀ ਸੇਵਾ ਕੀਤੀ। ਅਰਨਸਟ ਦਾ ਕਹਿਣਾ ਕਿ ਪਿਛਲੇ ਸਾਲ ਨਾਲੋਂ ਜਨਸੰਖਿਆ ਵਿਚ ਨਾਟਕੀ ਵਾਧਾ ਹੋ ਰਿਹਾ ਹੈ ਅਤੇ ਇਹ ਮਹਾਂਮਾਰੀ ਤੋਂ ਪਹਿਲੇ ਸਮਿਆਂ ਨਾਲੋਂ ਵੀ ਜ਼ਿਆਦਾ ਹੈ। ਇਹ ਪਿਛਲੇ ਸਾਲ ਨਾਲੋਂ 100 ਫ਼ੀਸਦੀ ਵੱਧ ਹੈ ਅਤੇ ਪੰਜ ਸਾਲ ਪਹਿਲਾਂ ਨਾਲੋਂ ਤਿੰਨ ਗੁਣਾ ਹੈ। ਕੁਝ ਸੇਵਾਵਾਂ ਲਈ ਇਹ ਵਾਧਾ ਦੋ ਸਾਲਾਂ ਵਿਚ 400 ਫ਼ੀਸਦੀ ਤੋਂ ਜ਼ਿਆਦਾ ਰਿਹਾ ਹੈ। ਕੈਲਗਰੀ ਵਿਚ ਨਵੇਂ ਆ ਰਹੇ ਲੋਕਾਂ ਲਈ ਸੇਵਾਵਾਂ ਦੀ ਮੰਗ ਵਿਚ ਵਾਧਾ ਅਲਬਰਟਾ ਦੀ ਰਿਕਾਰਡ ਤੋੜ ਜਨਸੰਖਿਆ ਵਾਧੇ ਦੀ ਝਲਕ ਹੈ ਜਿਸ ਦੀਆਂ ਦੋਵੇਂ ਗੱਲਾਂ ਨੁਕਸਾਨ ਤੇ ਫਾਇਦੇ ਹਨ। ਸਟੈਟਿਸਟਿਕਸ ਕੈਨੇਡਾ ਮੁਤਾਬਿਕ 2023 ਵਿਚ ਪੱਛਮੀ ਸੂਬੇ ਵਿਚ ਆਬਾਦੀ ਵਿਚ ਵਾਧਾ 202324 ਰੈਜ਼ੀਡੈਂਟਸ ਦਾ ਰਿਹਾ ਜਿਸ ਨਾਲ ਸੂਬੇ ਦੀ ਆਬਾਦੀ 48 ਲੱਖ ਹੋ ਗਈ। ਇਹ ਅਲਬਰਟਾ ਦੇ ਇਤਿਹਾਸ ਵਿਚ ਸਾਲਾਨਾ ਸਭ ਤੋਂ ਵੱਡਾ ਵਾਧਾ ਹੈ ਅਤੇ ਹਰ ਰੋਜ਼ ਸੂਬੇ ਵਿਚ 550 ਲੋਕਾਂ ਦੇ ਆਉਣ ਦੇ ਬਰਾਬਰ ਹੈ। ਵੱਡਾ ਵਾਧਾ ਅੰਤਰਰਾਸ਼ਟਰੀ ਪ੍ਰਵਾਸ ਨਾਲ ਹੋਇਆ ਅਤੇ ਇਹ ਰੁਝਾਨ ਕੈਨੇਡਾ ਵਿਆਪੀ ਦੇਖਣ ਨੂੰ ਮਿਲਦਾ ਹੈ। ਅਲਬਰਟਾ ਨੇ 55107 ਲੋਕਾਂ ਦੀ ਆਮਦ ਨਾਲ ਅੰਤਰ ਸੂਬਾ ਪ੍ਰਵਾਸ ਦਾ ਕੌਮੀ ਰਿਕਾਰਡ ਵੀ ਤੋੜਿਆ ਹੈ। ਅੰਤਰ ਰਾਜੀ ਪ੍ਰਵਾਸੀ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਤੋਂ ਆਉਂਦੇ ਹਨ। ਉਦਾਹਰਣ ਦੇ ਤੌਰ 'ਤੇ ਪਿਛਲੇ ਸਾਲ 38236 ਲੋਕ ਅਲਬਰਟਾ ਚਲੇ ਗਏ ਜਦਕਿ ਸਿਰਫ 14860 ਵਿਅਕਤੀ ਅਲਬਰਟਾ ਤੋਂ ਓਨਟਾਰੀਓ ਗਏ ਹਨ।

# ਇਜ਼ਰਾਈਲ ਦਾ ਇਰਾਨ ਦੇ ਪਰਮਾਣੂ ਟਿਕਾਣਿਆਂ ਵਾਲੇ ਸੂਬੇ 'ਤੇ ਹਮਲਾ

ਦੁਬਈ-ਇਜ਼ਰਾਈਲ ਨੇ ਅੱਜ ਸਵੇਰੇ (ਭਾਰਤੀ ਸਮੇਂ ਅਨੁਸਾਰ) ਕਰੀਬ 6 ਵਜੇ ਇਰਾਨ 'ਤੇ ਮਿਜ਼ਾਈਲ-ਡਰੋਨ ਨਾਲ ਹਮਲਾ ਕੀਤਾ। ਇਰਾਨ ਦੇ ਇਸਫਹਾਨ ਸ਼ਹਿਰ ਦੇ ਹਵਾਈ ਅੱਡੇ ਦੇ ਨੇੜੇ ਧਮਾਕਿਆਂ ਦੀ ਆਵਾਜ਼ ਸੁਣੀ ਗਈ ਹੈ। ਹਾਲਾਂਕਿ ਇਜ਼ਰਾਈਲ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਇਰਾਨ ਦੀ ਫਾਰਸ ਨਿਊਜ਼ ਏਜੰਸੀ ਨੇ ਵੀ ਧਮਾਕਿਆਂ ਦੀ ਆਵਾਜ਼ ਸੁਣਾਈ ਹੈ। ਫਲਾਈਟ ਟ੍ਰੈਕਿੰਗ ਵੈੱਬਸਾਈਟ ਫਲਾਈਟ ਰਡਾਰ ਮੁਤਾਬਕ ਧਮਾਕਿਆਂ ਤੋਂ ਬਾਅਦ ਇਰਾਨੀ ਹਵਾਈ ਖੇਤਰ ਤੋਂ ਕਈ ਉਡਾਣਾਂ ਨੂੰ ਮੋੜ ਦਿੱਤਾ ਗਿਆ ਹੈ। ਇਸਫਹਾਨ ਉਹੀ ਸੂਬਾ ਹੈ ਜਿੱਥੇ ਨਤਾਨਜ਼ ਸਮੇਤ ਇਰਾਨ ਦੇ ਕਈ ਪਰਮਾਣੂ ਟਿਕਾਣੇ ਹਨ। ਨਤਾਨਜ਼ ਇਰਾਨ ਦੇ ਯੂਰੇਨੀਅਮ ਪ੍ਰੋਗਰਾਮ ਦਾ ਮੁੱਖ ਹਿੱਸਾ ਹੈ। ਇਸ ਤੋਂ ਪਹਿਲਾਂ 14 ਅਪਰੈਲ ਨੂੰ ਇਰਾਨ ਨੇ 300 ਤੋਂ ਜ਼ਿਆਦਾ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ 'ਤੇ ਹਮਲਾ ਕੀਤਾ ਸੀ।

# ਕੁੰਵਰ ਵਿਜੈ ਪ੍ਰਤਾਪ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਹੋਵੇ-ਬਾਜਵਾ

ਚੰਡੀਗੜ੍ਹ-ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਨਸ਼ਾ ਤਸਕਰੀ ਨੂੰ ਲੈ ਕੇ ਲਾਏ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਵਿਧਾਇਕ ਨੇ ਰਾਜ ਸਭਾ ਮੈਂਬਰ ਰਾਘਵ ਚੱਢਾ 'ਤੇ ਗੰਭੀਰ ਦੋਸ਼ ਲਗਾਏ ਹਨ। ਬਾਜਵਾ ਨੇ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਸਾਬਕਾ ਆਈਪੀਐੱਸ ਅਧਿਕਾਰੀ ਹਨ, ਇਸ ਲਈ ਉਨ੍ਹਾਂ ਵੱਲੋਂ ਲਗਾਏ ਗਏ ਦੋਸ਼ ਕਿਸੇ ਠੋਸ ਸਬੂਤਾਂ 'ਤੇ ਆਧਾਰਿਤ ਹੀ ਹੋਣਗੇ। ਇਸ ਲਈ ਉਕਤ ਮੁੱਦੇ 'ਤੇ ਪੂਰੀ ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਜਦੋਂ ਕੁੰਵਰ ਪ੍ਰਤਾਪ ਨੇ ਇਹ ਦੋਸ਼ ਲਗਾਏ ਤਾਂ ਕੈਬਨਿਟ ਮੰਤਰੀ ਅਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ 'ਆਪ' ਦੇ ਉਮੀਦਵਾਰ ਕੁਲਦੀਪ ਧਾਲੀਵਾਲ ਵੀ ਮੌਜੂਦ ਸਨ।

# ਬੀ.ਸੀ. ਦੇ ਜੇਲ੍ਹ ਗਾਰਡਾਂ ਨੇ ਵਧ ਰਹੀ ਹਿੰਸਾ ਅਤੇ ਡਰੋਨਾਂ ਨਾਲ ਹਥਿਆਰ ਤੇ ਨਸ਼ੀਲੇ ਪਦਾਰਥ ਸੁੱਟਣ ਦਾ ਚੁੱਕਿਆ ਮੁੱਦਾ

ਐਬਟਸਫੋਰਡ-ਬੀਸੀ ਦੀਆਂ ਜੇਲ੍ਹਾਂ ਤਜਰਬੇਕਾਰ ਕੁਰੈਕਸ਼ਨਲ ਅਫਸਰਾਂ ਦੀ ਅਣਦੇਖੀ ਹਿੰਸਾ ਦੀ ਲਹਿਰ ਦਾ ਸਾਹਮਣਾ ਕਰ ਰਹੀਆਂ ਹਨ ਅਤੇ ਡਰੋਨਾਂ ਨਾਲ ਨਸ਼ੀਲੇ ਪਦਾਰਥ ਅਤੇ ਹਥਿਆਰ ਸੁੱਟਣ ਦੇ ਮਾਮਲਿਆਂ ਵਿਚ ਤੇਜ਼ੀ ਆਈ ਹੈ ਅਤੇ ਗਾਰਡਾਂ ਦੀ ਪ੍ਰਤੀਨਿਧਤਾ ਕਰ ਰਹੀ ਯੂਨੀਅਨ ਦਾ ਕਹਿਣਾ ਕਿ ਇਸ ਨਾਲ ਇਸ ਦੇ ਮੈਂਬਰਾਂ ਦੀ ਮਾਨਸਿਕ ਸਿਹਤ ਦਾ ਸੰਕਟ ਵਿਗੜ ਰਿਹਾ ਹੈ। ਯੂਨੀਅਨ ਆਫ ਕੈਨੇਡੀਅਨ ਕੁਰੈਕਸ਼ਨਲ ਅਫਸਰਜ਼ ਨੇ ਕਿਹਾ ਕਿ ਕੁਰੈਕਸ਼ਨਲ ਫੈਸਿਲਟੀਜ਼ ਵਿਚ ਡਰੋਨਾਂ ਨਾਲ ਨਸ਼ੇ ਤੇ ਹਥਿਆਰ ਸੁੱਟਣ ਦੇ ਮਾਮਲੇ ਬਹੁਤ ਵਧ ਗਏ ਹਨ। ਪੈਸੀਫਿਕ ਖੇਤਰ ਵਿਚ ਯੂਨੀਅਨ ਦੇ ਰੀਜ਼ਨਲ ਪ੍ਰਧਾਨ ਜੌਹਨ ਰੈਂਡਲ ਨੇ ਕਿਹਾ ਕਿ ਦੋ ਵੱਡੇ ਹਮਲਿਆਂ ਸਮੇਤ ਦੇਸ਼ ਭਰ ਵਿਚ ਗਾਰਡਾਂ ਖਿਲਾਫ ਹਿੰਸਕ ਘਟਨਾਵਾਂ ਬਹੁਤ ਵੱਧ ਗਈਆਂ ਹਨ। ਇਕ ਘਟਨਾ ਵਿਚ ਓਨਟਾਰੀਓ ਵਿਚ ਇਕ ਅਫਸਰ ਦੇ ਸਿਰ ਦੇ ਪਿਛਲੇ ਪਾਸੇ ਬਲੇਡ ਮਾਰਿਆ ਗਿਆ ਅਤੇ ਇਕ ਹੋਰ ਥਾਂ ਕੈਦੀਆਂ ਦੇ ਗਰੁੱਪ ਨੇ ਗਾਰਡ ਦੀ ਕੁੱਟਮਾਰ ਕੀਤੀ। ਇਨ੍ਹਾਂ ਦੋ ਘਟਨਾਵਾਂ ਖਿਲਾਫ ਯੂਨੀਅਨ ਅਤੇ ਮੈਂਬਰਾਂ ਨੇ ਐਬਟਸਫੋਰਡ ਵਿਚ ਕੁਰੈਕਸ਼ਨਲ ਸਰਵਿਸ ਆਫ ਕੈਨੇਡਾ ਦੇ ਖੇਤਰੀ ਹੈਡਕੁਆਟਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਹੈ। ਰੈਂਡਲ ਨੇ ਦੱਸਿਆ ਕਿ ਇਹ ਸਾਰੇ ਪਾਸਿਆਂ ਤੋਂ ਹਮਲਾ ਹੈ। ਅਸੀਂ ਹੁਣ ਡਰੋਨਾਂ ਨਾਲ ਸਮਾਨ ਸੁੱਟੇ ਜਾਣ ਨਾਲ ਨਜਿੱਠ ਰਹੇ ਹਾਂ ਜਿਸ ਨਾਲ ਕੈਦੀਆਂ ਦੀ ਸੰਸਥਾ ਵਿਚ ਨਸ਼ੀਲੇ ਪਦਾਰਥਾਂ ਤਕ ਪਹੁੰਚ ਵਧੀ ਹੈ। ਅਸੀਂ ਜੇਲ੍ਹਾਂ ਵਿਚ ਹਥਿਆਰ ਆਉਂਦੇ ਦੇਖ ਰਹੇ ਹਾਂ ਜਿਹੜੇ ਅਸੀਂ ਪਹਿਲਾਂ ਕਦੇ ਨਹੀਂ ਦੇਖੇ। ਰੈਂਡਲ ਨੇ ਦੱਸਿਆ ਕਿ ਬੀਸੀ ਦੀ ਘੱਟੋ ਘੱਟ ਇਕ ਜੇਲ੍ਹ ਵਿਖੇ ਵੀਕਐਂਡ 'ਤੇ ਰਾਤ ਨੂੰ 6 ਜਾਂ ਸੱਤ ਡਰੋਨ ਘੁੰਮਦੇ ਦੇਖੇ ਗਏ। ਉਨ੍ਹਾਂ ਕਿਹਾ ਕਿ ਡਰੋਨਾਂ ਰਾਹੀਂ ਸਮਾਨ ਸੁੱਟਣ ਤੋਂ ਰੋਕਣ ਦੀ ਤਕਨਾਲੋਜੀ ਜੇਲ੍ਹਾਂ ਵਿਚ ਮੌਜੂਦ ਹੈ ਪਰ ਇਸ ਨੂੰ ਲਾਗੂ ਨਹੀਂ ਕੀਤਾ ਗਿਆ।




Criminal Law
Divorce Cases
Immigration Law
Notary Services
Business Law
Contract Disputes
Property Litigation
Property Liens

Your Lawyers, Because We Care


Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.STLAWBC.CA

# ਫੈਮਿਲੀ ਡਾਕਟਰਾਂ ਨੂੰ ਤਨਖਾਹ ਦੇਣ ਦੇ ਨਵੇਂ ਸਮਝੌਤੇ ਨੇੜੇ ਪਹੁੰਚੀ ਅਲਬਰਟਾ ਸਰਕਾਰ

ਐਡਮਿੰਟਨ-ਅਲਬਰਟਾ ਸਰਕਾਰ ਦਾ ਕਹਿਣਾ ਕਿ ਉਹ ਹੌਲੀ ਹੌਲੀ ਫੈਮਿਲੀ ਡਾਕਟਰਾਂ ਨੂੰ ਤਨਖਾਹ ਦੇਣ ਦੇ ਨਵੇਂ ਸਮਝੌਤੇ ਦੇ ਨੇੜੇ ਪਹੁੰਚ ਰਹੀ ਹੈ ਪਰ ਡਾਕਟਰਾਂ ਦੇ ਇਕ ਗਰੁੱਪ ਦਾ ਕਹਿਣਾ ਕਿ ਇਸ ਵਿਚ ਛੋਟੇ ਮਰੀਜ਼ਾਂ ਦੇ ਰੋਸਟਰ ਵੀ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ। ਬੁੱਧਵਾਰ ਨੂੰ ਐਲਾਨੇ ਢਾਂਚੇ ਦੇ ਵੇਰਵਿਆਂ 'ਤੇ ਸਹਿਮਤੀ ਬਣਨੀ ਅਜੇ ਬਾਕੀ ਹੈ ਜਿਸ ਵਿਚ ਖ਼ਾਸ ਦਰਾਂ ਵੀ ਸ਼ਾਮਿਲ ਹੈ ਪਰ ਯੂਨਾਈਟਡ ਕੰਸਰਵੇਟਿਵ ਸਰਕਾਰ ਆਸ ਕਰਦੀ ਹੈ ਕਿ ਇਸ ਦਾ ਨਵਾਂ ਮੁਆਵਜ਼ਾ ਮਾਡਲ ਫੈਮਿਲੀ ਡਾਕਟਰਾਂ ਨੂੰ ਭਰਮਾਉਣ ਅਤੇ ਉਨ੍ਹਾਂ ਨੂੰ ਸੂਬੇ ਵਿਚ ਰੱਖਣ ਲਈ ਅਲਬਰਟਾ ਨੂੰ ਮੋਹਰੀ ਬਣਾ ਦੇਵੇਗਾ। ਪ੍ਰੀਮੀਅਰ ਡੇਨੀਅਲ ਸਮਿਥ ਨੇ ਪਿਛਲੇ ਸਾਲ ਇਹ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਸੀ ਕਿ ਅਗਲੀ ਚੋਣ ਜਿਹੜੀ 2027 ਤਕ ਹੋਵੇਗੀ ਤਕ ਹਰੇਕ ਅਲਬਰਟਾ ਵਾਸੀ ਕੋਲ ਪ੍ਰਾਇਮਰੀ ਹੈਲਥ ਪ੍ਰੋਵਾਈਡਰ ਹੋਵੇਗਾ।



ਅਲਬਰਟਾ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਪਾਲ ਪਾਰਕਸ ਨੇ ਕਿਹਾ ਕਿ ਐਲਾਨ ਬਹੁਤ ਹੀ ਹਾਂਪੱਖੀ ਹੈ ਪਰ ਕਿਹਾ ਕਿ ਜੇਕਰ ਛੋਟੇ ਮਰੀਜ਼ਾਂ ਨੂੰ ਛੱਡ ਦਿੱਤਾ ਗਿਆ ਤਾਂ ਡਾਕਟਰ ਉਨ੍ਹਾਂ ਨੂੰ ਮਹੱਤਵਪੂਰਣ ਵਿਆਪਕ ਦੇਖਭਾਲ ਦੀ ਪੇਸ਼ਕਸ਼ ਕਰਨਾ ਬੰਦ ਕਰ ਸਕਦੇ ਹਨ। ਅਸੀਂ ਇਹ ਗੱਲ ਹੋਣ ਨਹੀਂ ਦੇਣੀ ਚਾਹੁੰਦੇ। ਉਨ੍ਹਾਂ ਦੀ ਐਸੋਸੀਏਸ਼ਨ ਨੇ ਮਹੀਨਿਆਂ ਤੋਂ ਚਿਤਾਵਨੀ ਦਿੱਤੀ ਹੋਈ ਹੈ ਕਿ ਫੈਮਿਲੀ ਕਲੀਨਿਕ ਨੂੰ ਵਿੱਤੀ ਸੰਕਟ ਵੱਲ ਧੱਕਿਆ ਜਾ ਰਿਹਾ ਹੈ।

## ਪੁਲਿਸ ਅਧਿਕਾਰੀ ਦੇ ਚਾਕੂ ਮਾਰਨ ਵਾਲੇ ਵਿਅਕਤੀ ਖਿਲਾਫ ਇਰਾਦਾ ਕਤਲ ਦੇ ਦੋਸ਼

ਟੋਰਾਂਟੋ-ਪੁਲਿਸ ਨੇ ਦੱਸਿਆ ਕਿ ਪਿਛਲੇ ਹਫਤੇ ਸ਼ਹਿਰ ਵਿਚ 27 ਸਾਲਾ ਵਿਅਕਤੀ ਜਿਸ ਨੂੰ ਪੁਲਿਸ ਅਫਸਰ ਦੇ ਕਥਿਤ ਰੂਪ ਵਿਚ ਚਾਕੂ ਮਾਰਨ ਪਿੱਛੋਂ ਗੋਲੀ ਮਾਰੀ ਗਈ ਸੀ ਇਰਾਦਾ ਕਤਲ ਦੇ ਦੋ ਦੋਸ਼ਾਂ ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਓਨਟਾਰੀਓ ਪੁਲਿਸ ਵਾਚ ਡੌਗ ਜਿਹੜਾ ਘਟਨਾ ਦੀ ਜਾਂਚ ਕਰ ਰਿਹਾ ਹੈ ਨੇ ਕਿਹਾ ਕਿ ਪੁਲਿਸ ਸੰਕਟ ਵਿਚ ਫਸੇ ਇਕ ਵਿਅਕਤੀ ਕਾਰਨ ਮੌਕੇ 'ਤੇ ਪੁੱਜੀ ਸੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਦੇ ਬੁਲਾਰੇ ਨੇ ਦੱਸਿਆ ਕਿ ਕਾਲਜ ਸਟਰੀਟ ਅਤੇ ਲੈਂਸਡਾਊਨ ਐਵੀਨਿਊ ਵਿਚ ਟਿਮ ਹੋਰਟਨ ਦੇ ਬਾਹਰ ਵਿਵਾਦ ਹੋਇਆ ਜਿਸ ਵਿਚ ਟੋਰਾਂਟੋ ਦੇ ਪੁਲਿਸ ਅਫਸਰ ਦੇ ਚਾਕੂ ਮਾਰ ਦਿੱਤਾ ਗਿਆ ਅਤੇ ਪੁਲਿਸ ਨੇ ਸ਼ੱਕੀ ਵਿਅਕਤੀ ਦੇ ਗੋਲੀ ਮਾਰ ਦਿੱਤੀ। ਦੋਵੇਂ ਪੁਲਿਸ ਅਫਸਰ ਤੇ ਸ਼ੱਕੀ ਵਿਅਕਤੀ ਹਸਪਤਾਲ ਵਿਚ ਸਥਿਰ ਹਾਲਤ ਵਿਚ ਹਨ।

## ਹਾਈ ਸਕੂਲ ਦੀ ਹਾਕੀ ਟੀਮ 'ਤੇ ਜਿਣਸੀ ਹਮਲਾ ਕਰਨੇ ਦੇ ਸੰਬੰਧ ਵਿਚ ਤਿੰਨ ਕਿਸ਼ੋਰ ਗ੍ਰਿਫ਼ਤਾਰ

ਵਿਨੀਪੈਗ-ਮਨੀਟੋਬਾ ਦੇ ਪੇਂਡੂ ਇਲਾਕੇ ਵਿਚ ਹਾਈ ਸਕੂਲ ਦੀ ਹਾਕੀ ਟੀਮ 'ਤੇ ਕਥਿਤ ਜਿਣਸੀ ਹਮਲੇ ਪਿੱਛੋਂ 17 ਸਾਲ ਦੇ ਤਿੰਨ ਲੜਕਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਆਰਸੀਐਮਪੀ ਨੇ ਦੱਸਿਆ ਕਿ ਉਨ੍ਹਾਂ ਨੂੰ ਪੰਜ ਸ਼ਿਕਾਇਤਾਂ ਮਿਲੀਆਂ ਸਨ। ਕਥਿਤ ਹਮਲੇ ਜਨਵਰੀ ਅਤੇ ਨਵੰਬਰ ਵਿਚ ਕੀਤੇ ਗਏ ਜਦੋਂ ਟੀਮ ਟੂਰਨਾਮੈਂਟ ਖੇਡਦੇ ਹੋਏ ਵਿਨੀਪੈਗ ਹੋਟਲ ਵਿਖੇ ਠਹਿਰੀ ਹੋਈ ਸੀ। ਪੁਲਿਸ ਨੇ ਦੱਸਿਆ ਕਿ ਦੋ ਦੋਸ਼ੀ ਹਥਿਆਰ ਲੈ ਕੇ ਜਿਣਸੀ ਹਮਲਾ ਕਰਨ, ਜਿਣਸੀ ਹਮਲਾ ਅਤੇ ਜਬਰਦਸਤੀ ਕਬਜ਼ੇ ਵਿਚ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਤੀਸਰੇ ਦੋਸ਼ੀ 'ਤੇ ਜਿਣਸੀ ਹਮਲੇ ਦਾ ਦੋਸ਼ ਲਗਾਇਆ ਗਿਆ ਹੈ।

## ਆਰਸੀਐਮਪੀ ਨੇ ਅਰਾਈਵਕੈਨ ਐਪ ਦੇ ਠੇਕੇਦਾਰ ਦੇ ਘਰ ਦੀ ਲਈ ਤਲਾਸ਼ੀ

ਓਟਵਾ-ਆਰਸੀਐਮਪੀ ਨੇ ਇਕ ਸਦੀ ਤੋਂ ਵੀ ਵੱਧ ਸਮੇਂ ਵਿਚ ਪਹਿਲੀ ਵਾਰ ਕਿਸੇ ਸਰਕਾਰੀ ਠੇਕੇਦਾਰ ਜਿਹੜਾ ਅਰਾਈਵਕੈਨ ਐਪ ਘੁਟਾਲੇ ਦੀਆਂ ਮੁੱਖ ਸ਼ਖਸੀਅਤਾਂ ਵਿਚੋਂ ਇਕ ਹੈ ਦੀ ਜਨਤਕ ਖਿਚਾਈ ਲਈ ਉਸ ਦੇ ਹਾਊਸ ਆਫ ਕਾਮਨਜ਼ ਦੀ ਬਾਰ ਵਿਖੇ ਪੇਸ਼ ਹੋਣ ਤੋਂ ਪਹਿਲਾਂ ਉਸ ਦੇ ਓਟਵਾ ਇਲਾਕੇ ਵਿਚ ਪੈਂਦੇ ਘਰ ਦੀ ਤਲਾਸ਼ੀ ਲਈ। ਇਹ ਘਰ ਦੋ ਵਿਅਕਤੀ ਦੀ ਆਈਟੀ ਸਟਾਫ ਵਾਲੀ ਕੰਪਨੀ ਜੀਸੀਸਟ੍ਰੈਟਜੀਸ ਦੇ ਪ੍ਰਬੰਧਕੀ ਭਾਈਵਾਲਾ ਕ੍ਰਿਸਟੀਅਨ ਫਿਰਥ ਨਾਲ ਸਬੰਧਤ ਹੈ। ਕੰਪਨੀ ਨੂੰ ਅਰਾਈਵਕੈਨ 'ਤੇ ਕੰਮ ਕਰਨ ਲਈ ਕਿਸੇ ਵੀ ਦੂਸਰੇ ਠੇਕੇਦਾਰ ਨਾਲੋਂ ਜ਼ਿਆਦਾ ਪੈਸੇ ਮਿਲੇ ਸਨ। ਇਹ ਮੋਬਾਈਲ ਐਪ ਸਰਕਾਰ ਨੇ ਮਹਾਂਮਾਰੀ ਦੇ ਸ਼ੁਰੂ ਵਿਚ ਸਰਹੱਦਾਂ ਪਾਰ ਕਰਨ ਵਾਲੇ ਯਾਤਰੀਆਂ ਲਈ ਸ਼ੁਰੂ ਕੀਤੀ ਸੀ। ਆਡੀਟਰ ਜਨਰਲ ਦੀ ਜਾਂਚ ਮੁਤਾਬਿਕ ਐਪ ਦੀ ਕੀਮਤ ਵਿਚ ਵਾਧਾ ਕੀਤਾ ਗਿਆ ਅਤੇ ਅੰਤ ਵਿਚ ਇਸ ਲਈ ਕਰਦਾਤਾਵਾਂ ਨੂੰ 59.5 ਮਿਲੀਅਨ ਡਾਲਰ ਕੀਮਤ ਚੁਕਾਉਣੀ ਪਈ। ਆਰਸੀਐਮਪੀ ਨੇ ਇਕ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਨੇ ਵੁੱਡਲਾਅਨ ਵਿਚ ਇਕ ਰਿਹਾਇਸ਼ ਦੀ ਤਲਾਸ਼ੀ ਲਈ ਹੈ ਪਰ ਇਹ ਜਾਂਚ ਅਰਾਈਵਕੈਨ ਜਾਂਚ ਨਾਲ ਸਬੰਧਤ ਨਹੀਂ। ਆਰਸੀਐਮਪੀ ਨੇ ਇਹ ਨਹੀਂ ਦੱਸਿਆ ਕਿ ਉਸ ਨੇ ਘਰ ਵਿਚੋਂ ਕੀ ਲੱਭਣ ਦੀ ਕੋਸ਼ਿਸ਼ ਕੀਤੀ। ਹਾਊਸ ਆਫ ਕਾਮਨਜ਼ ਵਿਚ ਐਮਪੀਜ਼ ਤੋਂ ਪੁੱਛਗਿੱਛ ਦੌਰਾਨ ਫਰਥ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਸ ਦੇ ਘਰ ਤਲਾਸ਼ੀ ਵਾਰੰਟ ਦੀ ਤਾਮੀਲ ਕੀਤੀ ਗਈ ਹੈ।



# ਫ੍ਰੀਲੈਂਡ ਵੱਲੋਂ ਨਵੇਂ ਖ਼ਰਚ ਲਈ ਅਮੀਰਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਬਜਟ ਪੇਸ਼

ਸਫ਼ਾ 1 ਦੀ ਬਾਕੀ

ਪਿਛਲੇ ਪੱਤਝੜ ਮੌਸਮ ਵਿਚ ਲਗਾਏ ਅਨੁਮਾਨ ਨਾਲ 13 ਅਰਬ ਡਾਲਰ ਜ਼ਿਆਦਾ ਹੈ। ਫੈਡਰਲ ਵਿੱਤ ਮੰਤਰੀ ਨੇ ਮੱਧਵਰਗ 'ਤੇ ਟੈਕਸ ਵਿਚ ਵਾਧੇ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਪਰ ਉਨ੍ਹਾਂ ਕਾਰਪੋਰੇਟ ਟੈਕਸਾਂ ਵਿਚ ਸੰਭਾਵਤ ਵਾਧੇ ਬਾਰੇ ਕੁਝ ਨਹੀਂ ਕਿਹਾ।

### ਨਵੇਂ ਖਰਚ ਲਈ ਅਰਬਾਂ ਡਾਲਰ ਰੱਖੇ

ਆਪਣਾ ਚੌਥਾ ਫੈਡਰਲ ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਨਵੇਂ ਖਰਚ ਲਈ ਅਰਬਾਂ ਡਾਲਰ ਰੱਖਣ ਬਾਰੇ ਜਾਣਕਾਰੀ ਦਿੱਤੀ ਹੈ ਪਰ ਪੂਰੀ ਵਿੱਤੀ ਤਸਵੀਰ ਉਸ ਦੀ ਪਿਛਲੇ ਸਾਲ ਦੇ ਘਾਟੇ ਦੇ ਟੀਚਿਆਂ ਨੂੰ ਕਾਇਮ ਰੱਖਣ ਵਿਚ ਮਦਦ ਕਰ ਸਕਦੀ ਹੈ। ਪਿਛਲੇ ਬਜਟ ਜਿਸ ਵਿਚ ਦਸਤਾਵੇਜ਼ ਪਾਰਲੀਮੈਂਟ ਵਿਚ ਪੇਸ਼ ਕੀਤੇ ਜਾਣ ਤਕ ਉਸ ਦੇ ਵੇਰਵੇ ਗੁਪਤ ਰੱਖੇ ਗਏ ਸਨ ਦੇ ਉਲਟ ਫ੍ਰੀਲੈਂਡ ਨੇ ਪਿਛਲੇ ਤਿੰਨ ਹਫਤੇ ਆਪਣੀ ਆ ਰਹੀ ਵਿੱਤੀ ਯੋਜਨਾ ਦੇ ਵੇਰਵਿਆਂ ਦਾ ਖੁਲਾਸਾ ਕਰਨ 'ਤੇ ਗੁਜ਼ਾਰੇ ਹਨ। ਉਨ੍ਹਾਂ ਨੇ ਯੂਥ ਮਾਨਸਿਕ ਸਿਹਤ ਲਈ 500 ਮਿਲੀਅਨ ਫੰਡ, ਆਰਟੀਫਿਸ਼ਲ ਇੰਟੈਲੀਜੈਂਸ ਲਈ 2.4 ਅਰਬ ਡਾਲਰ, ਡਿਫੈਂਸ ਲਈ 8.1 ਅਰਬ ਅਤੇ ਸਕੂਲ ਲੰਚ ਪ੍ਰੋਗਰਾਮਾਂ ਦੇ ਵਿਸਥਾਰ ਲਈ ਇਕ ਅਰਬ ਡਾਲਰ ਦਾ ਫੰਡ ਰੱਖਣ ਦਾ ਐਲਾਨ ਕੀਤਾ। ਫ੍ਰੀਲੈਂਡ ਨੇ ਕਿਹਾ ਕਿ ਇਹ ਬਜਟ ਨੌਜਵਾਨ ਕੈਨੇਡੀਅਨਾਂ ਦੀ ਲੋੜ ਮੁਤਾਬਿਕ ਹੈ ਜਿਹੜੇ ਅੱਗੇ ਵਧਣ ਲਈ ਸੰਘਰਸ਼ ਕਰ ਰਹੇ ਹਨ ਪਰ ਜ਼ੋਰ ਦੇ ਕੇ ਕਿਹਾ ਕਿ ਇਹ ਮਦਦ ਮੱਧਵਰਗੀ ਲੋਕਾਂ 'ਤੇ ਜ਼ਿਆਦਾ ਟੈਕਸ ਲਗਾ ਨਹੀਂ ਕੀਤੀ ਜਾਵੇਗੀ।

## ਬੀਸੀ ਦੇ ਸਾਬਕਾ ਵਿੱਤ ਮੰਤਰੀ ਮਾਈਕ ਡੀ ਜੋਂਗ ਵਲੋਂ ਫੈਡਰਲ ਕੰਸਰਵੇਟਿਵ ਨਾਮਜ਼ਦਗੀ ਦੀ ਮੰਗ ਕਰਨ ਦਾ ਫ਼ੈਸਲਾ

ਓਟਵਾ-ਬੀਸੀ ਦੇ ਧਾਕੜ ਸਿਆਸਤਦਾਨ ਮਾਈਕ ਡੀ ਜੋਂਗ ਜਿਹੜੇ ਸੂਬਾ ਲੈਜਿਸਲੇਚਰ ਦੇ 8 ਵਾਰ ਮੈਂਬਰ ਰਹੇ ਅਤੇ ਜਿਹੜੇ ਕਈ ਵਾਰ ਵਿੱਤ ਤੇ ਸਿਹਤ ਮੰਤਰਾਲੇ ਸਮੇਤ ਕਈ ਕੈਬਨਿਟ ਪੋਸਟਾਂ 'ਤੇ ਰਹੇ ਨੇ ਫੈਡਰਲ ਕੰਸਰਵੇਟਿਵ ਨਾਮਜ਼ਦਗੀ ਮੰਗਣ ਦਾ ਫ਼ੈਸਲਾ ਕੀਤਾ ਹੈ। ਇਕ ਮੁਲਾਕਾਤ ਵਿਚ ਜੋਂਗ ਨੇ ਕਿਹਾ ਕਿ ਉਹ ਐਬਟਸਫੋਰਡ-ਸਾਊਥ ਲੈਂਗਲੀ ਵਿਚ ਕੰਸਰਵੇਟਿਵਾਂ ਦੀ ਪ੍ਰਤੀਨਿਧਤਾ ਕਰਨ ਦੀ ਕੋਸ਼ਿਸ਼ ਕਰਨਗੇ ਜਿਹੜਾ ਹੁਣ ਐਬਟਸਫੋਰਡ ਹਲਕੇ ਦੇ ਹਿੱਸੇ ਤੋਂ ਬਣਾਇਆ ਜਾ ਰਿਹਾ ਹੈ ਜਿਸ 'ਤੇ ਅਹੁਦੇ ਤੋਂ ਹਟ ਰਹੇ ਐਮਪੀ ਐਡ ਫਾਸਟ ਕਾਬਜ਼ ਹਨ। ਫਰਵਰੀ ਵਿਚ ਡੀ ਜੋਂਗ ਨੇ ਕਿਹਾ ਸੀ ਕਿ ਉਹ ਬੀਸੀ ਯੂਨਾਈਟਡ ਦੇ ਮੈਂਬਰ ਵਜੋਂ ਫਿਰ ਚੋਣ ਨਹੀਂ ਲੜਨਗੇ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616


ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀ
ਆਪ ਸਭ ਨੂੰ
ਲੱਖ-ਲੱਖ ਵਧਾਈਆਂ
The Right Realtors for Today's Market
Kanwalpreet Sekhon
ਕੰਵਲਪ੍ਰੀਤ ਸਿੰਘ ਸੇਖੋਂ
604-825-2281
kanwal_sekhon@hotmail.com
Bhupinderjit Sekhon
ਭੁਪਿੰਦਰਜੀਤ ਸਿੰਘ ਸੇਖੋਂ
604-825-2046
bhupinder.sekhon73@gmail.com
PLANET GROUP REALTY INC.
PLANET GROUP REALTY INC.
#266-8128 128 St, Surrey
T: 604-572-1008, F: 604-572-3008



# ਸੰਯੁਕਤ ਅਰਬ ਅਮੀਰਾਤ 'ਚ ਰਿਕਾਰਡ ਮੀਂਹ ਕਾਰਨ ਜਨਜੀਵਨ ਪ੍ਰਭਾਵਿਤ

ਦੁਬਈ-ਮਾਰੂਥਲ ਦੇਸ਼ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਮੰਗਲਵਾਰ ਨੂੰ ਰਿਕਾਰਡ ਮੀਂਹ ਦਰਜ ਕੀਤਾ ਗਿਆ, ਜਿਸ ਨਾਲ ਜ਼ਿਆਦਾਤਰ ਖੇਤਰਾਂ ਵਿੱਚ ਕਾਫੀ ਪਾਣੀ ਭਰ ਗਿਆ। ਇਸ ਤੋਂ ਇਲਾਵਾ ਭਾਰੀ ਮੀਂਹ ਕਾਰਨ ਦੁਬਈ ਕੌਮਾਂਤਰੀ ਹਵਾਈ ਅੱਡੇ ਵਿੱਚ ਹੜ੍ਹ ਵਰਗੇ ਹਾਲਾਤ ਬਣਨ ਕਰ ਕੇ ਵੱਡੀ ਪੱਧਰ 'ਤੇ ਉਡਾਣਾਂ ਪ੍ਰਭਾਵਿਤ ਹੋਈਆਂ। ਸਰਕਾਰੀ ਖ਼ਬਰ ਏਜੰਸੀ 'ਡਬਲਿਊਏਐੱਮ' ਦੀ ਖ਼ਬਰ ਮੁਤਾਬਕ, ਮੰਗਲਵਾਰ ਨੂੰ ਹੋਈ ਬਾਰਿਸ਼ ਇਤਿਹਾਸਕ ਮੌਸਮੀ ਘਟਨਾ ਹੈ ਜੋ ਕਿ 1949 ਵਿੱਚ ਡੇਟਾ ਕੁਲੈਕਸ਼ਨ ਦੀ ਸ਼ੁਰੂਆਤ ਦੇ ਬਾਅਦ ਤੋਂ ਦਰਜ ਕੀਤੀ ਗਈ ਸਭ ਤੋਂ ਜ਼ਿਆਦਾ ਬਾਰਿਸ਼ ਹੈ। ਇਸ ਦੌਰਾਨ ਬਹਿਰੀਨ, ਓਮਾਨ, ਕਤਰ ਅਤੇ ਸਾਊਦੀ ਅਰਬ ਵਿੱਚ ਵੀ ਬਾਰਿਸ਼ ਹੋਈ। ਹਾਲਾਂਕਿ, ਪੂਰੇ ਸੰਯੁਕਤ ਅਰਬ ਅਮੀਰਾਤ ਵਿੱਚ ਤੇਜ਼ ਬਾਰਿਸ਼ ਦੇਖੀ ਗਈ। ਮੰਨਿਆ ਜਾ ਰਿਹਾ ਹੈ ਕਿ 'ਕਲਾਊਡ ਸੀਡਿੰਗ' ਭਾਰੀ ਮੀਂਹ ਦਾ ਕਾਰਨ ਬਣੀ ਕਿਉਂਕਿ ਸਰਕਾਰ ਨੇ ਬਣਾਉਟੀ ਬਾਰਿਸ਼ ਦੀ ਕੋਸ਼ਿਸ਼ ਤਹਿਤ ਛੋਟੇ ਜਹਾਜ਼ ਤਾਇਨਾਤ ਕੀਤੇ ਸਨ। ਕਈ ਰਿਪੋਰਟਾਂ ਵਿੱਚ ਕੌਮੀ ਮੌਸਮ ਵਿਗਿਆਨ ਕੇਂਦਰ ਦੇ ਮੌਸਮ ਵਿਗਿਆਨੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬਾਰਿਸ਼ ਤੋਂ ਪਹਿਲਾਂ ਛੇ ਜਾਂ ਸੱਤ 'ਕਲਾਊਡ ਸੀਡਿੰਗ' ਉਡਾਣਾਂ ਭਰੀਆਂ ਗਈਆਂ ਸਨ। ਯੂਏਈ ਆਪਣੇ ਧਰਤੀ ਹੇਠਲੇ ਪਾਣੀ ਦੇ ਘੱਟਦੇ ਤੇ ਸੀਮਿਤ ਪੱਧਰ ਨੂੰ ਵਧਾਉਣ ਲਈ 'ਕਲਾਊਡ ਸੀਡਿੰਗ' ਦਾ ਸਹਾਰਾ ਲੈਂਦਾ ਹੈ। ਦੁਬਈ ਕੌਮਾਂਤਰੀ ਹਵਾਈ ਅੱਡੇ 'ਤੇ ਇਕੱਤਰ ਕੀਤੇ ਗਏ ਮੌਸਮ ਸਬੰਧੀ ਅੰਕੜਿਆਂ ਮੁਤਾਬਕ, ਮੀਂਹ ਸੋਮਵਾਰ ਦੇਰ ਰਾਤ ਤੋਂ ਸ਼ੁਰੂ ਹੋਇਆ ਜਿਸ ਮਗਰੋਂ ਲਗਪਗ 20 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਭਾਰੀ ਮੀਂਹ ਕਰ ਕੇ ਦੁਬਈ ਦੀਆਂ ਸੜਕਾਂ 'ਤੇ ਪਾਣੀ ਜਮ੍ਹਾਂ ਹੋ ਗਿਆ। ਇਸ ਤੋਂ ਬਾਅਦ ਮੰਗਲਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 9 ਵਜੇ ਦੇ ਆਸ-ਪਾਸ ਤੇਜ਼ ਹਨੇਰੀ ਆਈ ਅਤੇ ਫਿਰ ਇਹ ਪੂਰਾ ਦਿਨ ਜਾਰੀ ਰਹੀ। ਇਸ ਦੇ ਨਾਲ ਹੀ ਭਾਰੀ ਬਾਰਿਸ਼ ਅਤੇ ਗੜੇਮਾਰੀ ਹੋਈ, ਜਿਸ ਕਾਰਨ ਜਨ-ਜੀਵਨ ਪ੍ਰਭਾਵਿਤ ਹੋਇਆ। ਮੰਗਲਵਾਰ ਦੇ ਅਖ਼ੀਰ ਤੱਕ, 24 ਘੰਟਿਆਂ ਵਿੱਚ 142 ਮਿਲੀਮੀਟਰ ਤੋਂ ਵੱਧ ਬਾਰਿਸ਼ ਨੇ ਦੁਬਈ ਵਿੱਚ ਹੜ੍ਹਾਂ ਵਰਗੇ ਹਾਲਾਤ ਬਣਾ ਦਿੱਤੇ। ਇਕ ਜੋੜੇ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਅੱਜ ਦੱਸਿਆ ਕਿ ਹਵਾਈ ਅੱਡੇ 'ਤੇ ਸਥਿਤੀ ਬੇਹੱਦ ਖ਼ਰਾਬ ਹੈ। ਉਨ੍ਹਾਂ ਕਿਹਾ, "ਤੁਹਾਨੂੰ ਟੈਕਸੀ ਨਹੀਂ ਮਿਲ ਸਕਦੀ। ਮੈਟਰੋ ਸਟੇਸ਼ਨ 'ਤੇ ਲੋਕ ਸੌਂ ਰਹੇ ਹਨ। ਹਵਾਈ ਅੱਡੇ 'ਤੇ ਲੋਕ ਸੌਂ ਰਹੇ ਹਨ।"

# ਚੋਣ ਨਿਸ਼ਾਨ ਮਿਲਿਆ ਚੱਪਲ, ਗਲੇ 'ਚ ਚੱਪਲਾਂ ਦੀ ਮਾਲਾ ਪਾ ਕੇ ਵੋਟ ਮੰਗ ਰਿਹਾ ਲੋਕ ਸਭਾ ਉਮੀਦਵਾਰ

ਅਲੀਗੜ੍ਹ-ਲੋਕ ਸਭਾ ਚੋਣਾਂ ਨੂੰ ਲੈ ਕੇ ਦੇਸ਼ ਭਰ ਵਿੱਚ ਮਾਹੌਲ ਗਰਮਾਇਆ ਹੋਇਆ ਹੈ। ਚੋਣ ਜਿੱਤਣ ਲਈ ਉਮੀਦਵਾਰ ਨਵੇਂ-ਨਵੇਂ ਹੱਥਕੰਡੇ ਅਪਣਾ ਰਹੇ ਹਨ। ਇਸ ਕੜੀ 'ਚ ਯੂਪੀ ਦੇ ਅਲੀਗੜ੍ਹ 'ਚ ਇਕ ਉਮੀਦਵਾਰ ਨੇ ਅਜਿਹਾ ਕੁੱਝ ਕੀਤਾ ਹੈ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ। ਤੁਸੀਂ ਅਕਸਰ ਦੇਖਿਆ ਹੋਵੇਗਾ ਕਿ ਕਿਸੇ ਨੂੰ ਸਜ਼ਾ ਦੇਣ ਜਾਂ ਅਪਮਾਨਿਤ ਕਰਨ ਲਈ ਚੱਪਲਾਂ ਦੀ ਮਾਲਾ ਪਹਿਨਾਈ ਜਾਂਦੀ ਹੈ। ਪਰ ਅਲੀਗੜ੍ਹ ਤੋਂ ਆਜ਼ਾਦ ਲੋਕ ਸਭਾ ਉਮੀਦਵਾਰ ਪੰਡਤ ਕੇਸ਼ਵ ਦੇਵ ਗੌਤਮ ਨੇ ਚੱਪਲਾਂ ਦੀ ਮਾਲਾ ਪਾ ਕੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਹਰ ਕੋਈ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਉਹ ਫੁੱਲਾਂ ਦੇ ਮਾਲਾ ਦੀ ਬਜਾਏ ਚੱਪਲਾਂ ਦੇ ਹਾਰ ਪਾ ਕੇ ਵੋਟਾਂ ਮੰਗਦਾ ਨਜ਼ਰ ਆਇਆ। ਦਰਅਸਲ, ਪੰਡਤ ਕੇਸ਼ਵ ਦੇਵ ਨੂੰ ਆਜ਼ਾਦ ਉਮੀਦਵਾਰ ਵਜੋਂ ਚੱਪਲਾਂ ਦਾ ਚੋਣ ਨਿਸ਼ਾਨ ਮਿਲਿਆ ਹੈ। ਕੇਸ਼ਵ ਦੇਵ ਨੇ ਖ਼ੁਦ ਚੱਪਲਾਂ ਦੇ ਚੋਣ ਨਿਸ਼ਾਨ ਲਈ ਅਪਲਾਈ ਕੀਤਾ ਸੀ, ਜਿਸ ਤੋਂ ਬਾਅਦ ਉਹ ਆਪਣੇ ਗਲੇ 'ਚ 7 ਚੱਪਲਾਂ ਦਾ ਮਾਲਾ ਪਾ ਕੇ ਚੋਣ ਪ੍ਰਚਾਰ ਕਰ ਰਹੇ ਹਨ। ਉਹ ਭ੍ਰਿਸ਼ਟਾਚਾਰ ਦਾ ਵਿਰੋਧ ਕਰਨ ਕਰਕੇ ਵੀ ਸੁਰਖੀਆਂ ਵਿੱਚ ਰਹਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਪੰਡਤ ਕੇਸ਼ਵ ਦੇਵ ਇੱਕ ਆਰਟੀਆਈ ਕਾਰਕੁੰਨ ਹਨ। ਉਹ ਭਾਰਤੀ ਹਿੰਦੂ ਰਾਸ਼ਟਰ



ਸੈਨਾ ਅਤੇ ਭ੍ਰਿਸ਼ਟਾਚਾਰ ਵਿਰੋਧੀ ਸੈਨਾ ਨਾਂ ਦੀਆਂ ਸੰਸਥਾਵਾਂ ਵੀ ਚਲਾਉਂਦੇ ਹਨ। ਉਹ ਦੋ ਵਾਰ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਡਤ ਕੇਸ਼ਵਦੇਵ ਨੇ ਸ਼ਹਿਰ ਵਿਧਾਨ ਸਭਾ ਸੀਟ ਤੋਂ ਵਿਧਾਨ ਸਭਾ ਚੋਣ ਲੜੀ ਸੀ ਜਿੱਥੇ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

# ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਹੋਏ 57 ਸਾਲਾ ਭਾਰਤੀ ਨਾਗਰਿਕ ਜਸਪਾਲ ਸਿੰਘ ਦੀ ਮੌਤ

ਵਾਸ਼ਿੰਗਟਨ-ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਆਏ ਭਾਰਤੀ ਨਾਗਰਿਕ ਦੀ ਅਟਲਾਂਟਾ ਦੇ ਹਸਪਤਾਲ ਵਿੱਚ ਮੌਤ ਹੋ ਗਈ। ਉਸ ਨੂੰ ਭਾਰਤ ਵਾਪਸ ਭੇਜਿਆ ਜਾਣਾ ਸੀ। ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਵਿਭਾਗ ਨੇ ਕਿਹਾ ਕਿ ਨਿਊਯਾਰਕ ਵਿੱਚ ਭਾਰਤੀ ਕੌਂਸਲੇਟ ਨੂੰ 57 ਸਾਲਾ ਜਸਪਾਲ ਸਿੰਘ ਦੀ ਮੌਤ ਦੀ ਸੂਚਨਾ ਦਿੱਤੀ ਗਈ ਹੈ। ਨਾਲ ਹੀ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਆਈਸੀਈ ਨੇ ਕਿਹਾ ਕਿ ਜਸਪਾਲ ਸਿੰਘ ਦੀ 15 ਅਪਰੈਲ ਨੂੰ ਅਟਲਾਂਟਾ ਦੇ ਹਸਪਤਾਲ ਵਿੱਚ ਮੌਤ ਹੋ ਗਈ ਸੀ। ਜਸਪਾਲ ਸਿੰਘ ਪਹਿਲੀ ਵਾਰ 25 ਅਕਤੂਬਰ 1992 ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਇਆ ਸੀ। 21 ਜਨਵਰੀ 1998 ਨੂੰ ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਅਮਰੀਕਾ ਛੱਡਣ ਦਾ ਹੁਕਮ ਦਿੱਤਾ, ਜਿਸ ਤੋਂ ਬਾਅਦ ਉਹ ਭਾਰਤ ਪਰਤ ਗਿਆ। ਉਸ ਨੇ 29 ਜੂਨ 2023 ਨੂੰ ਦੁਬਾਰਾ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਅਧਿਕਾਰੀਆਂ ਨੇ ਉਸ ਨੂੰ ਅਮਰੀਕਾ-ਮੈਕਸੀਕੋ ਸਰਹੱਦ ਤੋਂ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਅਟਲਾਂਟਾ ਦੇ ਐਨਫੋਰਸਮੈਂਟ ਐਂਡ ਰਿਮੂਵਲ ਅਪਰੇਸ਼ਨਜ਼ (ਈਆਰਓ) ਦੇ ਹਵਾਲੇ ਕਰ ਦਿੱਤਾ ਗਿਆ ਸੀ, ਜਿੱਥੋਂ ਉਸ ਨੂੰ ਅਟਲਾਂਟਾ ਦੇ ਨਜ਼ਰਬੰਦੀ ਕੇਂਦਰ ਵਿੱਚ ਰੱਖਿਆ ਗਿਆ ਸੀ। ਅਮਰੀਕਾ ਵਿੱਚ ਜਦੋਂ ਕਿਸੇ ਵਿਅਕਤੀ ਦੀ ਨਜ਼ਰਬੰਦੀ ਕੇਂਦਰ ਵਿੱਚ ਮੌਤ ਹੋ ਜਾਂਦੀ ਹੈ ਤਾਂ ਈਆਰਓ ਨੂੰ ਦੋ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਸੰਸਦ, ਗੈਰ ਸਰਕਾਰੀ ਸੰਗਠਨਾਂ, ਮੀਡੀਆ ਨੂੰ ਸੂਚਿਤ ਕਰਨਾ ਹੁੰਦਾ ਹੈ ਅਤੇ ਉਸ ਵਿਅਕਤੀ ਨਾਲ ਸਬੰਧਤ ਵੇਰਵੇ ਵੀ ਆਪਣੀ ਵੈੱਬਸਾਈਟ 'ਤੇ ਸਾਂਝੇ ਕਰਨੇ ਹੁੰਦੇ ਹਨ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.randhawalaw.ca

200 – 6245 136th Street, Surrey, BC.

# ਸਰੀ ਵਿਚ ਨਾਵਲਕਾਰ ਬਖਸ਼ਿੰਦਰ ਦੇ ਨਾਵਲ 'ਇਸ਼ਕ ਨਾ ਮੰਨੇ ਵਾਟ' ਉਪਰ ਵਿਚਾਰ ਚਰਚਾ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪ੍ਰਸਿੱਧ ਪੱਤਰਕਾਰ ਅਤੇ ਨਾਵਲਕਾਰ ਬਖਸ਼ਿੰਦਰ ਦੇ ਨਾਵਲ 'ਇਸ਼ਕ ਦਾ ਮੰਨੇ ਵਾਟ' ਉਪਰ ਵਿਚਾਰ ਚਰਚਾ ਕਰਨ ਲਈ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਕੰਪਲੈਕਸ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਅਤੇ ਨਾਵਲਕਾਰ ਬਖਸ਼ਿੰਦਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਸੰਚਾਲਕ ਮੋਹਨ ਗਿੱਲ ਨੇ ਬਖਸ਼ਿੰਦਰ ਅਤੇ ਨਾਵਲ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਵਿਚ ਪਹੁੰਚੀਆਂ ਸਭਨਾਂ ਸ਼ਖਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਉਦੇਸ਼ ਅਤੇ ਇਸ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ। ਨਾਵਲ ਉਪਰ ਆਪਣਾ ਪਰਚਾ ਪੇਸ਼ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਨਾਵਲ ਦੀ ਕਹਾਣੀ ਨੂੰ ਸਾਰ ਰੂਪ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਨਾਵਲ ਦੀ ਇੱਕ ਖੂਬੀ ਇਹ ਹੈ ਕਿ ਇਸ ਵਿੱਚ ਪਾਤਰਾਂ ਦੀ ਭਰਮਾਰ ਨਹੀਂ। ਇਸ ਦੀ ਬੋਲੀ ਮੁਹਾਵਰੇਦਾਰ ਅਤੇ ਕਾਵਿਕ ਹੈ। ਕਾਵਿ ਤੁਕਾਂ ਰਾਹੀਂ ਬੋਲੀ ਹੋਰ ਵੀ ਰਸਦਾਰ ਬਣਾਈ ਗਈ ਹੈ। ਨਾਵਲ ਦੀ ਭਾਸ਼ਾ ਚਟਪਟੀ ਕਰਾਰੀ ਅਤੇ ਉਤੇਜਕ ਹੈ। ਨਾਵਲ ਦੇ ਮੁੱਖ ਪਾਤਰ ਦੇ ਵਾਕਾਂ ਰਾਹੀਂ ਭਰਪੂਰ ਮਾਤਰਾ ਵਿੱਚ ਕਾਮ ਕ੍ਰੀੜਾ ਦੀ ਚਾਸ਼ਨੀ ਵਹਾਈ ਗਈ ਹੈ ਅਤੇ ਅਖੀਰ ਵਿੱਚ ਇਸ਼ਕਨਾਮਾ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ। ਉਹਨਾਂ ਕਿਹਾ ਕਿ ਨਾਵਲ ਵਿੱਚ ਇੱਕ ਥਾਂ ਜਾ ਕੇ ਸਾਰੇ ਪਾਤਰ ਗਾਇਬ ਹੋ ਜਾਂਦੇ ਹਨ ਅਤੇ ਨਾਵਲਕਾਰ ਦਾ ਥੀਸਿਸ ਸ਼ੁਰੂ ਹੋ ਜਾਂਦਾ ਹੈ। ਉਹਨਾਂ ਇੱਕ ਥਾਂ ਤੇ ਸਮੇਂ ਤੇ ਸਥਾਨ ਦੀ ਪੇਸ਼ਕਾਰੀ ਉੱਪਰ ਵੀ ਕਿੰਤੂ ਕੀਤਾ। ਦੂਜੇ ਬੁਲਾਰੇ ਡਾ. ਸਾਧੂ ਸਿੰਘ ਨੇ ਕਿਹਾ ਕਿ ਨਾਵਲ ਦੇ ਵਿਸ਼ੇ ਵਸਤੂ ਨਾਲ ਅਤੇ ਲੇਖਕ ਕਾਮ ਸ਼ਾਸਤਰ ਬਾਰੇ ਸਿੱਧਾ ਹੀ ਲਿਖਣ ਬਾਰੇ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਪਰ ਨਾਵਲ ਵਿਚ ਕਾਮ ਸ਼ਾਸਤਰ ਬਾਰੇ ਲਿਖਿਆ ਗਿਆ ਥੀਸਿਸ ਨਾਵਲ ਤੋਂ ਅਲੱਗ ਹੋਣਾ ਚਾਹੀਦਾ ਸੀ। ਉਸਤਾਦ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ ਅਤੇ ਅੰਗਰੇਜ਼ ਬਰਾੜ ਨੇ ਵੀ ਨਾਵਲ ਉੱਪਰ ਵਿਚਾਰ ਪੇਸ਼ ਕੀਤੇ। ਨਾਵਲਕਾਰ ਬਖਸ਼ਿੰਦਰ ਨੇ ਕਿਹਾ ਕਿ ਵਿਸ਼ਾਲ ਪੱਧਰ 'ਤੇ ਇਸ਼ਕ ਦੀ ਗੱਲ ਕੀਤੀ ਗਈ ਹੈ ਤੇ ਇਸ਼ਕ ਦੀ ਵਿਆਖਿਆ ਵੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਰੂਹਾਨੀ ਅਤੇ ਜਿਸਮਾਨੀ ਇਸ਼ਕ ਨੂੰ ਵੱਖਰਾ ਨਹੀਂ ਕੀਤਾ ਸਕਦਾ। ਉਨ੍ਹਾਂ ਕਿਹਾ ਕਿ ਨਾਵਲ ਵਿਚ ਇਸ਼ਕ ਬਾਰੇ ਮਾਹਿਰਾਂ ਦੇ ਵਿਚਾਰ ਉਨ੍ਹਾਂ ਦੇ ਨਾਵਾਂ ਹੇਠ ਲਿਖੇ ਗਏ ਹਨ। ਉਨ੍ਹਾਂ ਫਿਲਮੀ ਸਕਰਿਪਟਾਂ ਤੋਂ ਤੋਬਾ ਕਰਨ ਅਤੇ ਨਾਵਲ ਲਿਖਣ ਵੱਲ ਮੁੜਨ ਬਾਰੇ ਦੱਸਿਆ ਅਤੇ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਦੀ ਵੀ ਗੱਲ ਕੀਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੋਹਣ ਸਿੰਘ ਪੂਨੀ, ਪਰਮਿੰਦਰ ਸਵੈਚ, ਬਿੰਦੂ ਮਠਾੜੂ, ਦਵਿੰਦਰ ਗੌਤਮ, ਰਾਜਵੰਤ ਰਾਜ, ਕੁਲਦੀਪ ਸਿੰਘ ਬਾਸੀ, ਇੰਦਰਜੀਤ ਰੋਡੇ, ਹਰਦਮ ਸਿੰਘ ਮਾਨ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ ਅਤੇ ਸੁਰਿੰਦਰ ਚਾਹਲ ਵੀ ਸ਼ਾਮਲ ਸਨ।




## ਈਡੀ ਨੇ ਦਿੱਲੀ ਅੰਤਰਰਾਸ਼ਟਰੀ ਏਅਰਪੋਰਟ ਤੋਂ 5 ਹਜ਼ਾਰ ਕਰੋੜ ਦੀ ਧੋਖਾਧੜੀ ਦਾ ਮੁਲਜ਼ਮ ਕੀਤਾ ਗ੍ਰਿਫ਼ਤਾਰ

ਨਵੀਂ ਦਿੱਲੀ-ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਵੱਡੀ ਕਾਮਯਾਬੀ ਮਿਲੀ ਹੈ। ਦਿੱਲੀ ਦੇ ਅੰਤਰਰਾਸ਼ਟਰੀ ਏਅਰਪੋਰਟ ਤੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਨੇ ਸਾਈਬਰ ਕ੍ਰਾਈਮ ਅਤੇ ਆਨਲਾਈਨ ਗੇਮਿੰਗ ਰਾਹੀਂ ਆਮ ਲੋਕਾਂ ਨਾਲ 5000 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। ਇਸ ਦੇ ਨਾਲ ਹੀ ਈਡੀ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਮੁਲਜ਼ਮ ਧੋਖਾਧੜੀ ਦਾ ਪੈਸਾ ਭਾਰਤ ਤੋਂ ਬਾਹਰ ਭੇਜਦੇ ਸਨ। ਮੁਲਜ਼ਮ ਦੀ ਪਛਾਣ ਪੁਨੀਤ ਕੁਮਾਰ ਉਰਫ ਪੁਨੀਤ ਮਹੇਸ਼ਵਰੀ ਵਜੋਂ ਹੋਈ ਹੈ। ਈਡੀ ਨੇ ਦੋਸ਼ ਲਾਇਆ ਕਿ ਪੁਨੀਤ ਕੁਮਾਰ ਉਰਫ ਪੁਨੀਤ ਮਹੇਸ਼ਵਰੀ ਨੇ ਲੋਕਾਂ ਨਾਲ ਧੋਖਾਧੜੀ ਕਰਨ ਲਈ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਸਥਿਤ ਸਰਵਰਾਂ ਦੀ ਵਰਤੋਂ ਕੀਤੀ ਸੀ। ਪਿਛਲੇ ਮਹੀਨੇ ਈਡੀ ਨੇ ਇਸੇ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਆਸ਼ੀਸ਼ ਕੱਕੜ ਨੂੰ ਗੁਰੂਗ੍ਰਾਮ ਦੇ ਇੱਕ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਸਮੇਂ ਉਹ ਨਿਆਂਇਕ ਹਿਰਾਸਤ ਅਧੀਨ ਜੇਲ੍ਹ ਵਿੱਚ ਹੈ। ਇਹ ਮਨੀ ਲਾਂਡਰਿੰਗ ਕੇਸ ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਅਤੇ ਕੁਝ ਹੋਰ ਥਾਵਾਂ 'ਤੇ ਦਰਜ ਪੁਲਿਸ ਐਫਆਈਆਰਜ਼ ਨਾਲ ਸਬੰਧਤ ਹੈ।

## ਅੱਠ ਦਿਨਾਂ ਤੋਂ ਲਾਪਤਾ ਵਿਦਆਰਥਣ ਦਾ ਗਲਾ ਘੁੱਟ ਕੇ ਕਤਲ, ਮੁਲਜ਼ਮਾਂ ਵਿੱਚ ਕਾਲਜ ਦਾ ਦੋਸਤ ਵੀ ਸ਼ਾਮਲ

ਅਹਿਮਦਨਗਰ-30 ਮਾਰਚ ਤੋਂ ਲਾਪਤਾ ਪੁਣੇ ਦੇ 22 ਸਾਲਾ ਇੰਜੀਨੀਅਰਿੰਗ ਦੀ ਵਿਦਆਰਥਣ ਦੀ ਐਤਵਾਰ ਨੂੰ ਅਹਿਮਦਨਗਰ 'ਚ ਹੱਤਿਆ ਕਰ ਦਿੱਤੀ ਗਈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਇੱਕ ਕਾਲਜ ਦੋਸਤ ਸਮੇਤ ਤਿੰਨ ਲੋਕਾਂ ਨੇ ਫਿਰੌਤੀ ਲਈ ਕਥਿਤ ਤੌਰ 'ਤੇ ਅਗਵਾ ਕੀਤਾ ਸੀ ਅਤੇ ਬਾਅਦ ਵਿੱਚ ਗਲਾ ਘੁੱਟ ਕੇ ਮਾਰ ਦਿੱਤਾ ਸੀ। ਅਧਿਕਾਰੀ ਨੇ ਅੱਗੇ ਦੱਸਿਆ ਕਿ ਉਹ ਇੱਥੋਂ ਦੇ ਵਾਘੋਲੀ ਇਲਾਕੇ ਦੇ ਇੱਕ ਕਾਲਜ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੀ ਸੀ। 29 ਮਾਰਚ ਨੂੰ ਕਾਲਜ ਦਾ ਇੱਕ ਪੁਰਸ਼ ਦੋਸਤ ਅਤੇ ਦੋ ਹੋਰ ਉਸ ਨੂੰ ਮਿਲੇ ਅਤੇ ਉਸ ਨੂੰ ਹੋਸਟਲ ਵਿੱਚ ਛੱਡ ਦਿੱਤਾ। 30 ਮਾਰਚ ਨੂੰ ਉਹ ਉਸ ਨੂੰ ਅਹਿਮਦਨਗਰ ਲੈ ਗਏ। ਉਨ੍ਹਾਂ ਨੇ ਉਸ ਦੇ ਮਾਪਿਆਂ ਤੋਂ 9 ਲੱਖ ਰੁਪਏ ਦੀ ਮੰਗ ਕੀਤੀ। ਫਿਰ ਉਨ੍ਹਾਂ ਨੇ ਉਸ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ, ਉਸ ਦੀ ਲਾਸ਼ ਨੂੰ ਅਹਿਮਦਨਗਰ ਦੇ ਬਾਹਰਵਾਰ ਦਫ਼ਨਾ ਦਿੱਤਾ ਅਤੇ ਉਸ ਦੇ ਮੋਬਾਈਲ ਦਾ ਸਿਮ ਕੱਢ ਲਿਆ। ਪੁਲਿਸ ਨੇ ਕਿਹਾ ਕਿ ਉਸਦੇ ਪਰਿਵਾਰ ਵੱਲੋਂ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ, ਜਾਂਚ ਤਕਨੀਕੀ ਵਿਸ਼ਲੇਸ਼ਣ ਦੁਆਰਾ ਤਿੰਨ ਮੁਲਜ਼ਮਾਂ 'ਤੇ ਕੇਂਦਰਤ ਕੀਤੀ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।



# LOOKING TO BUY OR SELL?



eXp REALTY

ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਟ, ਕਮਰਸ਼ਿਅਲ ਪ੍ਰਾਪਰਟੀ ਅਤੇ ਲੈਂਡ ਲੈਣ ਲਈ ਸੰਪਰਕ ਕਰੋ

ਤੁਹਾਡਾ ਆਪਣਾ ਰਿਐਲਟਰ

## HARRY KHOSA

PERSONAL REAL ESTATE CORPORATION

## 778.558.9745

@BROKERHARRYKHOSA

Happy Vaisakhi



From
Signature Real Estate Group
Gurjinder Bhurji ®
Shante Sidhu PREC*
Ilona Glambinskaite ®
604-802-6703

Signature REAL ESTATE GROUP
ROYAL LEPAGE
Wolstencroft Realty
INDEPENDENTLY OWNED AND OPERATED, BROKER

signaturereg.ca


UP TO 50% OFF
Ballowal
FURNISHINGS
$1498
3 PCS SOFA SET
$598
QUEEN STORAGE BED
$498
5 PCS DINING SET
$1998
2 PCS LEATHER RECLINER SET
$598
3 PCS COFFEE TABLE
$848
6 PCS DINING SET
$1298
6 PCS DINING SET
778-564-0202
8385 120 St, Delta, BC V4C 6RI, Canada.
www.ballowalfurnishing.ca

# ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਦਿਹਾੜੇ ਦੀਆਂ



ਦੇਸ਼ ਵਿਦੇਸ਼ ਵਸਦੀਆਂ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈ



ਭੰਡਾਲ ਹੋਮਸ ਲਿਮਟਿਡ ਵਲੋਂ ਬਣਾਈ ਗਈ ਬਹੁਮੰਜ਼ਿਲਾ ਦਲੀਪ ਇਮਾਰਤ ਦਾ ਇਕ ਦ੍ਰਿਸ਼।

**Bhandal Homes Ltd.**
5719 Joyce st. Vancouver
Ph. 604-430-5011,
Am Bhandal 604-710-9008
Karnail S Bhandal 604-307-1000

We manage new developments and
General Construction for multiple stories buildings.

ਅਸੀਂ ਨਵੀਆਂ ਉਸਾਰੀਆਂ ਅਤੇ ਬਹੁਮੰਜ਼ਿਲਾ ਇਮਾਰਤਾਂ ਬਣਾਉਣ ਵਿਚ ਮਾਹਿਰ ਹਾਂ

# Bhandal Drywall Ltd

first drywall company in Canada
in business since 1977.



ਆਪਣੀ ਰਿਹਾਇਸ਼ੀ ਜਾਂ ਵਪਾਰਕ
ਜਾਇਦਾਦ ਵੇਚਣ ਜਾਂ ਖਰੀਦਣ
ਤੋਂ ਪਹਿਲਾਂ ਇਕ ਵਾਰ ਸਾਡੇ ਨਾਲ
ਸੰਪਰਕ ਜ਼ਰੂਰ ਕਰੋ

**JARNAIL S BHANDAL**
MA (Econ)
Email: jarnailbhandal@gmail.cm
Cell: 604-722-6544

# ਖ਼ਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰਾਂ ਦੀ ਚੋਣ ਵਿਚ ਸਰਬ ਸਾਂਝੀ 'ਟਾਈਮ ਫਾਰ ਚੇਂਜ' ਵਾਲੀ ਪੰਥਕ ਸਲੇਟ ਨੂੰ ਜ਼ਬਰਦਸਤ ਹੁੰਗਾਰਾ

ਖਾਲਸਾ ਕਰੈਡਿਟ ਯੂਨੀਅਨ ਦੀਆਂ ਚਾਰ ਡਾਇਰੈਕਟਰਾਂ ਦੇ ਅਹੁਦਿਆਂ ਲਈ ਚੋਣਾਂ 28 ਅਪ੍ਰੈਲ ਨੂੰ ਹੋਣੀਆਂ ਹਨ। 4 ਅਹੁਦੇਦਾਰਾਂ ਵਜੋਂ ਚੋਣਾਂ ਵਿੱਚ ਪੰਥਕ ਸਰਬ ਸਾਂਝੀ ਸਲੇਟ 'ਟਾਈਮ ਫਾਰ ਚੇਂਜ' ਦੇ ਉਮੀਦਵਾਰ ਮੈਦਾਨ ਵਿੱਚ ਹਨ। ਕੈਨੇਡਾ ਵਿੱਚ ਸਿੱਖ ਕੌਮ ਦੀ ਬੈਕਿੰਗ ਖੇਤਰ ਵਿੱਚ ਨੁਮਾਂਇੰਦਗੀ ਕਰ ਰਹੀ ਬੈਂਕ ਖਾਲਸਾ ਕਰੈਡਿਟ ਯੂਨੀਅਨ ਇਸ ਸਮੇਂ ਬੀ.ਸੀ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਆਪਣਾ ਬਿਜ਼ਨਸ ਕਰ ਰਹੀ ਹੈ। ਇਸ ਸਾਲ ਉਸ ਦੇ ਮਿਆਦ ਪੂਰੀ ਕਰ ਚੁੱਕੇ ਡਾਇਰੈਕਟਰਾਂ ਦੀ ਜਗ੍ਹਾ, ਨਵੇਂ ਡਾਇਰੈਕਟਰਾਂ ਦੀ ਚੋਣ ਕਰਨ ਦੀ ਪ੍ਰਕ੍ਰਿਆ ਅਰੰਭ ਹੋ ਚੁੱਕੀ ਹੈ।

ਖਾਲਸਾ ਕਰੈਡਿਟ ਯੂਨੀਅਨ ਦੇ ਮੈਂਬਰ ਮਹਿਸੂਸ ਕਰਦੇ ਹਨ ਕਿ ਹੁਣ ਸਮਾਂ ਆ ਗਿਆ ਹੈ ਕਿ ਬਦਲਾਅ ਲਿਆਂਦਾ ਜਾਵੇ। ਅਜਿਹਾ ਬਦਲਾਅ ਲਿਆਉਣ ਦੇ ਹੱਕ ਵਿੱਚ ਖੜੇ ਉਮੀਦਵਾਰਾਂ ਨੂੰ ਮੈਂਬਰਾਂ ਵੱਲੋਂ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਵੋਟਰਾਂ ਨੇ ਇਹਨਾਂ ਨੂੰ ਜੋਰਦਾਰ ਸਮਰਥਨ ਦਿੱਤਾ ਹੈ।ਇੱਥੇ ਪੱਖਪਾਤੀ ਗੱਲ ਇਹ ਹੈ ਕਿ ਖਾਲਸਾ ਕਰੈਡਿਟ ਯੂਨੀਅਨ 'ਤੇ ਪਰਿਵਾਰਵਾਦ ਤੇ ਧੜੇ ਦਾ ਕਾਬਜ਼ ਹੋਣਾ ਅਤੇ 'ਨੌਮੀਨੇਸ਼ਨ ਕਮੇਟੀ ਵੱਲੋਂ ਕਾਬਜ਼ ਧੜੇ ਦੀ ਹੀ ਇੱਕ ਧਿਰ ਦੇ ਹੀ ਉਮੀਦਵਾਰਾਂ ਲਈ ਸਮਰਥਨ ਦੇਣਾ ਮੰਦਭਾਗੀਆਂ ਕਾਰਵਾਈਆਂ ਹਨ, ਜਿਨਾਂ ਨੂੰ ਖਤਮ ਕਰਨਾ ਅਤੇ ਸਭ ਨੂੰ ਬਰਾਬਰੀ ਦੇਣ ਲਈ ਅੱਗੇ ਆਉਣ ਤੇ ਚੋਣਾਂ ਜਿਤਾਉਣ ਲਈ ਪੁਰਜ਼ੋਰ ਬੇਨਤੀ ਹੈ। ਇਸ ਸੰਬੰਧੀ ਸਨਿਮਰ ਅਪੀਲ ਹੈ ਕਿ ਹੇਠਾਂ ਲਿਖੇ ਚਾਰ ਉਮੀਦਵਾਰਾਂ ਨੂੰ ਡਾਇਰੈਕਟਰ ਵਜੋਂ ਚੁਣ ਕੇ ਨਵੀਂ ਮੈਨੇਜਮੈਂਟ ਵਿੱਚ ਸ਼ਾਮਲ ਕੀਤਾ ਜਾਵੇ। ਇਨਾਂ ਉਮੀਦਵਾਰਾਂ ਦਾ ਵਿਚਾਰ ਹੈ ਕਿ ਖਾਲਸਾ ਕਰੈਡਿਟ ਯੂਨੀਅਨ ਨੂੰ ਇੱਕ ਬਿਲੀਅਨ ਤੋਂ ਵੱਧ ਦੇ ਵਪਾਰਕ ਅਦਾਰੇ ਦੇ ਟੀਚੇ ਪਹੁੰਚਾਇਆ ਜਾਵੇ ਤੇ ਨਵੇਂ ਇਮੀਗਰਾਂਟਸ ਅਤੇ ਵਿਦਿਆਰਥੀਆਂ ਨੂੰ ਖਾਲਸਾ ਕਰੈਡਿਟ ਯੂਨੀਅਨ ਰਾਹੀਂ ਵਿਤੀ ਲੈਣ ਦੇਣ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਪੜ੍ਹੇ ਲਿਖੇ ਅਤੇ ਸੂਝਵਾਨ ਮੈਂਬਰਾਂ ਦਾ ਵਿਚਾਰ ਹੈ ਇਸ ਬੈਂਕ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਣ ਲਈ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਸੁਧਾਰਾਂ ਦੀ ਲੋੜ ਹੈ, ਜਿਹਨਾਂ ਲਈ ਹੇਠ ਲਿਖਤ ਟੀਚੇ ਮਿਥੇ ਗਏ ਹਨ : ੳ) ਖਾਲਸਾ ਕਰੈਡਿਟ ਯੂਨੀਅਨ ਦੇ ਬਾਨੀ ਮੈਂਬਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਉਹਨਾਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਅ) ਬਜ਼ੁਰਗਾਂ ਅਤੇ ਵਿਦਿਆਰਥੀਆਂ ਲਈ ਹੋਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ੲ) ਖਾਲਸਾ ਕਰੈਡਿਟ ਯੂਨੀਅਨ ਨੂੰ ਇਕ ਬਿਲੀਅਨ ਡਾਲਰ ਤੋਂ ਵਧ ਤਕ ਲਿਜਾਣ ਦਾ ਟੀਚਾ ਪੂਰਾ ਕੀਤਾ ਜਾਵੇਗਾ ਸ) ਖਾਲਸਾ ਕਰੈਡਿਟ ਯੂਨੀਅਨ ਦੀ ਧਾਰਮਿਕ, ਪੰਜਾਬੀ ਵਿਦਿਆ ਅਤੇ ਖੇਡਾਂ ਵਿਚ ਹੋਰ ਸ਼ਮੂਲੀਅਤ ਲਈ ਵਚਨਵੱਧਤਾ ਬਣਾਈ ਜਾਵੇਗੀ। ਹ) ਬੋਰਡ ਦੇ ਅਹਿਮ ਫੈਸਲੇ 17$ ਵਿੱਚ ਮੈਂਬਰਾਂ ਦੀ ਹਾਜ਼ਰੀ ਲਏ ਜਾਣਗੇ। ਕ) ਕਾਰੋਬਾਰੀਆਂ ਨੂੰ ਉਤਸ਼ਾਹਿਤ ਕਰਕੇ ਖਾਲਸਾ ਕਰੈਡਿਟ ਯੂਨੀਅਨ ਨਾਲ ਜੋੜਿਆ ਜਾਵੇਗਾ ਖ) ਖਾਲਸਾ ਕਰੈਡਿਟ ਯੂਨੀਅਨ ਨੂੰ ਮੈਂਬਰਾਂ ਦੀ ਅਮਾਨਤ ਬਣਾਇਆ ਜਾਵੇਗਾ। ਗ) ਖਾਲਸਾ ਕਰੈਡਿਟ ਯੂਨੀਅਨ ਵਿੱਚ ਵੱਧ ਤੋਂ ਵੱਧ ਨਵੀਂ ਮੈਂਬਰਸ਼ਿਪ ਦੀ ਵਚਨਵੱਧਤਾ ਹੋਵੇਗੀ।

ਘ) ਖਾਲਸਾ ਕਰੈਡਿਟ ਯੂਨੀਅਨ ਦੇ ਸਾਰੇ ਕਰਮਚਾਰੀਆਂ ਨੂੰ ਕੰਮ ਦੀ ਸਪੈਸ਼ਲ ਟ੍ਰੇਨਿੰਗ ਦਿਤੀ ਜਾਵੇਗੀ। ਙ)ਖਾਲਸਾ ਕਰੈਡਿਟ ਯੂਨੀਅਨ ਦੇ ਸਾਰੇ ਮੈਂਬਰਾਂ ਲਈ on line Banking update ਕੀਤੀ ਜਾਵੇਗੀ। ਉਪਰਲੇ ਉਦੇਸ਼ਾਂ ਦੀ ਪੂਰਤੀ ਲਈ ਬੇਨਤੀਕਰਤਾ ਚਾਰ ਉਮੀਦਵਾਰ :

1 ਬੀਬੀ ਮਹਿੰਦਰ ਕੌਰ ਗਿਲ
2 ਭਾਈ ਮਨਜੀਤ ਸਿੰਘ ਮਿਨਹਾਸ
3 ਭਾਈ ਮਨਮੋਹਨ ਸਿੰਘ ਸਮਰਾ
4 ਭਾਈ ਸਤਵੰਤ ਸਿੰਘ ਸੰਧੂ

ਬੇਨਤੀ ਹੈ ਕਿ ਵੋਟਿੰਗ ਮਿਤੀ 28 ਅਪ੍ਰੈਲ 2024 ਨੂੰ ਉਹਨਾਂ ਸਾਰੇ ਹੀ ਸ਼ਹਿਰਾਂ ਵਿਚ, ਜਿਥੇ ਖਾਲਸਾ ਕ੍ਰੈਡਿਟ ਯੂਨੀਅਨ ਦੀ ਬ੍ਰਾਂਚ ਹੋਵੇ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤਕ ਪਾਈਆਂ ਜਾਣੀਆਂ ਹਨ। ਹਰ ਇਕ ਮੈਂਬਰ ਨੂੰ ਚਾਰੇ ਹੀ ਉਮੀਦਵਾਰਾਂ ਨੂੰ ਵੋਟ ਪਾਉਣੀ ਜ਼ਰੂਰੀ ਹੈ, ਨਹੀਂ ਤਾਂ ਵੋਟ ਰੱਦ ਹੋਵੇਗੀ। ਖਾਲਸਾ ਕ੍ਰੈਡਿਟ ਯੂਨੀਅਨ ਦੇ ਸਾਰੇ ਮੈਂਬਰਾਂ ਨੂੰ ਜਿਹਨਾਂ ਦੇ ਇਸ ਬੈਂਕ ਵਿਚ ਖਾਤੇ ਹਨ, ਨੂੰ ਅਪੀਲ ਕੀਤੀ ਜਾਂਦੀ ਹੈ ਕਿ ਓਪਰੋਕਤ ਉਮੀਦਵਾਰਾਂ ਨੂੰ ਅਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ। ਵੋਟ ਦਾ ਹੱਕ ਸਾਡੇ ਬਜ਼ੁਰਗਾਂ ਨੇ ਲੰਮੀ ਘਾਲਣਾ ਤੋਂ ਬਾਅਦ ਹਾਸਿਲ ਕੀਤਾ ਹੈ। ਆਪਣੀ ਕੀਮਤੀ ਵੋਟ ਨੂੰ ਅਜਾਈਂ ਨਾ ਗਵਾਉਣਾ ਅਤੇ ਇਸ ਦੀ ਵਰਤੋਂ ਜ਼ਰੂਰ ਕਰਨੀ, ਤਾਂ ਕਿ ਪੰਥਕ ਸੰਸਥਾ ਕੌਮ ਦੀ ਹੱਥ 'ਚ ਆਵੇ ਅਤੇ ਧੜਿਆਂ ਤੋਂ ਮੁਕਤ ਹੋਵੇ।





BRITISH COLUMBIA | StrongerBC

"ਰਿਹਾਇਸ਼ਾਂ (ਹਾਊਸਿੰਗ) ਅਤੇ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਕੀ ਕੀਤਾ ਜਾ ਰਿਹਾ ਹੈ?"

ਬੀ ਸੀ ਸਰਕਾਰ ਕਿਫ਼ਾਇਤੀ ਰਿਹਾਇਸ਼ਾਂ ਦੀ ਸਪਲਾਈ ਵਧਾਉਣ ਅਤੇ ਰਹਿਣ-ਸਹਿਣ ਦੇ ਵੱਧ ਰਹੇ ਖ਼ਰਚਿਆਂ ਵਿੱਚ ਮਦਦ ਕਰਨ ਲਈ ਕਾਰਵਾਈ ਕਰ ਰਹੀ ਹੈ।

- ਸ਼ੌਰਟ-ਟਰਮ ਰੈਂਟਲ (ਥੋੜ੍ਹੇ ਸਮੇਂ ਲਈ ਕਿਰਾਏ 'ਤੇ ਦਿੱਤੇ ਜਾਂਦੇ ਘਰ) ਅਤੇ ਸੱਟੇਬਾਜ਼ਾਂ ਨੂੰ ਠੱਲ ਪਾ ਕੇ
- ਮੱਧ ਆਮਦਨ ਵਾਲੇ ਲੋਕਾਂ ਲਈ ਵਧੇਰੇ ਘਰਾਂ ਦਾ ਨਿਰਮਾਣ ਕਰਕੇ
- ਕਿਰਾਏ ਵਿੱਚ ਵਾਧੇ ਦੀ ਸੀਮਾ ਨੂੰ ਮਹਿੰਗਾਈ ਦੀ ਦਰ ਤੋਂ ਘੱਟ ਰੱਖਕੇ
- ਬੀ ਸੀ ਫੈਮਿਲੀ ਬੈਨੀਫਿਟ ਵਿੱਚ ਵਾਧਾ ਕਰਕੇ
- ਯੋਗ ਕਿਰਾਏਦਾਰਾਂ ਲਈ $400 ਤੱਕ ਦਾ ਟੈਕਸ ਕ੍ਰੈਡਿਟ ਦੇਕੇ
- ਬਾਲ ਸੰਭਾਲ ਦੇ ਖ਼ਰਚੇ ਘਟਾ ਕੇ

StrongerBC.ca 'ਤੇ ਜਾਣੋ ਕਿ ਬੀ ਸੀ ਉਹਨਾਂ ਮੁੱਦਿਆਂ 'ਤੇ ਕਿਵੇਂ ਕਾਰਵਾਈ ਕਰ ਰਿਹਾ ਹੈ, ਜੋ ਮਾਅਨੇ ਰੱਖਦੇ ਹਨ





HAPPY VAISAKHI
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
ਸਤਿ ਸ੍ਰੀ ਅਕਾਲ ਜੀ
Good Morning
AtoZ
Lucky's A to Z
Driving School
ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ ਅਤੇ
ਲਰਨਿੰਗ ਲਾਇਸੈਂਸ ਪਹਿਲੀ ਵਾਰ 'ਚ ਪਾਸ ਕਰੋ
CLASS 1, 2, 3, 4, 5, 6 & 7 LEARNING LICENSE
ਲੈਣ ਲਈ ਕੋਈ ਫਿਕਰ ਨਾ ਕਰੋ, ਸਾਡੀਆਂ ਬੇਹਤਰੀਨ ਸੇਵਾਵਾਂ ਤੁਹਾਨੂੰ ਸਫ਼ਲਤਾ ਦਿਵਾਉਣ 'ਚ ਮਦਦਗਾਰ ਹੋਣਗੀਆਂ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
604-614-5365
Unit 15-8388 128 street


PICS
www.pics.bc.ca
Free Support
to Live & Work
in British Columbia
GURU NANAK
DIVERSITY VILLAGE
LIVE WHERE THE WORLD LIVES
GURU NANAK
DIVERSITY VILLAGE
A CULTURALLY SENSITIVE LONG-TERM SENIOR CARE FACILITY
DONATE NOW
gurunanakdiversityvillage.ca
pics.bc.ca
604. 596. 7722
6471
SUPPORT US


ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ

(ਸਵੈ-ਜੀਵਨੀ)

# ਮੇਰਾ ਬੈਦੁ ਗੁਰੂ ਗੋਵਿੰਦਾ॥





ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਖ਼ੈਰ ਜਦੋਂ ਓਪਰੇਸ਼ਨ ਕਰਕੇ ਡਾਕਟਰ ਬਲੈਡਰ ਨੂੰ ਟਾਂਕੇ ਲਾ ਰਹੇ ਸਨ ਤਾਂ ਉਦੋਂ ਕਿਤੇ ਪਿਸ਼ਾਬ ਵਾਲੀ ਨਾਲੀ ਕੱਟੀ ਗਈ। ਉਦੋਂ ਪਤਾ ਨਾ ਲੱਗਾ ਕਿਉਂ ਕਿ ਉਨ੍ਹਾਂ ਮੇਰੇ ਪਿਸ਼ਾਬ ਵਾਲਾ ਬੈਗ ਲਗਾ ਦਿੱਤਾ ਸੀ। ਇਹ ਤਾਂ ਜਦੋਂ ਬਾਦ ਵਿਚ ਪੇਟ ਇਕ ਦਮ ਫੁੱਲਣ ਲੱਗਾ ਗੁਲੂਕੋਜ਼ ਦੇ ਪਾਣੀ ਨਾਲ ਤਾਂ ਬਾਦ ਵਿਚ ਪਤਾ ਲੱਗਾ। ਹਸਪਤਾਲ ਵਿਚ ਮੇਰਾ ਇਲਾਜ ਪਰਾਈਵੇਟ ਹੋ ਰਿਹਾ ਸੀ ਤੇ 168 ਪੌਂਡ ਹਰ ਰੋਜ਼ ਦਾ ਖਰਚਾ ਸੀ। ਉਮੀਦ ਸੀ ਕਿ ਦੋ ਤਿੰਨ ਦਿਨਾਂ ਤੱਕ ਛੁੱਟੀ ਮਿਲ ਜਾਏਗੀ। ਪਰ ਉਹ ਕਹਿਣ ਲੱਗੇ ਹੁਣ ਦੁਬਾਰਾ ਫਿਰ ਅਪਰੇਸ਼ਨ ਕਰਨਾ ਪਵੇਗਾ। ਡਾਕਟਰ ਵਿਲਸਨ ਕਹਿਣ ਲੱਗਾ ਕਿ ਮੈਂ ਆਪਣੀ ਫੀਸ ਨਹੀਂ ਲਵਾਂਗਾ ਪਰ ਬਾਕੀ ਖਰਚ ਤਾਂ ਦੇਣਾ ਪਵੇਗਾ। ਮੈਂ ਇਨਕਾਰ ਕਰ ਦਿੱਤਾ। ਮੇਰੀ ਪਤਨੀ ਦਾ ਭਰਾ ਜ਼ਰੂਰੀ ਕੰਮ ਲਈ ਪੰਜਾਬ ਗਿਆ ਹੋਇਆ ਸੀ। ਫਿਰ ਵੀ ਮੇਰੀ ਸਾਲੇਹਾਰ ਬਲਵਿੰਦਰ ਤੇ ਉਸਦੀ ਭਰਜਾਈ ਹਰਜਿੰਦਰ ਜੋ ਮੈਨੂੰ ਹਸਪਤਾਲ ਲੈ ਕੇ ਜਾਇਆ ਕਰਦੀ ਸੀ ਉਹ ਬੜਾ ਜ਼ੋਰ ਪਾਉਣ ਕਿ ਭਾਜੀ ਪੈਸਿਆਂ ਦਾ ਫਿਕਰ ਨਾ ਕਰੋ। ਅਸੀਂ ਸਭ ਕੁਝ ਕਰਾਂਗੇ। ਮੇਰੀ ਡਰਬੀ ਵਾਲੀ ਭੈਣ ਨੇ ਵੀ ਕਿਹਾ ਪਰ ਮੈ ਮੰਨਿਆ ਨਹੀਂ ਤੇ ਸਾਰਿਆਂ ਨੂੰ ਕਿਹਾ ਮੈਨੂੰ ਹਸਪਤਾਲ ਚੋਂ ਛੁੱਟੀ ਦਿਵਾਓ। ਡਾਕਟਰ ਕਹਿਣ ਕਿ ਬਲੱਡ ਪ੍ਰੈਸ਼ਰ ਬਹੁਤ ਹਾਈ ਹੈ ਛੁੱਟੀ ਨਹੀਂ ਦਿੱਤੀ ਜਾ ਸਕਦੀ। ਇਕ ਦਿਨ ਜਦੋਂ ਹਰਜਿੰਦਰ ਤੇ ਬਲਵਿੰਦਰ ਹੋਰੀ ਮਿਲਣ ਆਈਆਂ ਹੋਈਆਂ ਸਨ ਮੈਂ ਉਨ੍ਹਾਂ ਨੂੰ ਜ਼ੋਰ ਪਾਕੇ ਕਿਹਾ ਕਿ ਮੈਨੂੰ ਕਿਸੇ ਤਰਾਂ ਲੈ ਚੱਲੋ। ਡਾਕਟਰ ਆਕੇ ਮੈਨੂੰ ਸਮਝਾਉਣ ਲੱਗਾ ਕਿ ਬਲੱਡ ਪ੍ਰੈਸ਼ਰ ਬਹੁਤ ਹਾਈ ਹੈ। ਅਸੀਂ ਰਿਸਕ ਨਹੀਂ ਲੈ ਸਕਦੇ। ਮੈਂ ਉਸਨੂੰ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਕਿਹਾ ਕਿ ਮੈਂ ਅਰਬ ਦਾ ਸ਼ੇਖ ਨਹੀਂ ਹਾਂ। ਮੇਰੇ ਤੇਲ ਦੇ ਖੂਹ ਨਹੀਂ ਮੈਂ ਤਾਂ ਇਕ ਪਰੀਸਟ ਹਾਂ ਤੇ ਇਹ ਪੈਸੇ ਵੀ ਸੰਗਤ ਦੇ ਨੇ। ਬਲੱਡ ਪ੍ਰੈਸ਼ਰ ਤਾ 168 ਡਾਲਰ ਰੋਜ਼ ਦੇ ਵਧਾਉਂਦੇ ਨੇ। ਜੇ ਮੈਂ ਰੋਜ਼ ਹਸਪਤਾਲ ਚੈਕ ਕਰਵਾਉਣ ਆਵਾਂ ਤਾਂ ਵੀ 10 ਪੌਂਡ ਦਾ ਪਟਰੌਲ ਨਹੀਂ ਲਗਣਾ। ਉਹ ਹੱਸ ਪਏ ਤੇ ਇਸ ਸ਼ਰਤ ਤੇ ਛੁੱਟੀ ਦੇਣੀ ਮਨਜ਼ੂਰ ਕਰ ਲਈ ਕਿ ਰੋਜ਼ ਚੈਕ ਕਰਵਾਉਣ ਆਉਣਾ ਪਿਆ ਕਰੇਗਾ। ਇਹ ਰੋਜ਼ ਦੀ ਲਿਆਉਣ ਦੀ ਸੇਵਾ ਹਰਜਿੰਦਰ ਨੇ ਕੀਤੀ। ਮੈਂ ਉਸਦਾ ਅਹਿਸਾਨ ਕਿਵੇਂ ਭੁੱਲ ਸਕਦਾ ਹਾਂ। ਚੰਗੇ ਰਿਸ਼ਤੇਦਾਰ ਹੋਣ ਤਾਂ ਦੁੱਖ ਸੌਖਿਆ ਹੀ ਕੱਟਿਆ ਜਾਂਦਾ ਹੈ।

ਮੇਰਾ ਬੈਦੁ ਗੁਰੂ ਗੋਵਿੰਦਾ॥

ਹੁਣ ਮੈਂ ਗੁਰਬਾਣੀ ਦੀ ਸ਼ਕਤੀ ਵੱਲ ਆਉਂਦਾ ਹਾਂ। ਘਰ ਆਪਣੇ ਸਹੁਰੀਂ ਆ ਗਿਆ ਉਨ੍ਹਾਂ ਕਾਫੀ ਸਾਰੇ ਪਲਾਸਟਿਕ ਦੇ ਬੈਗ ਪਿਸ਼ਾਬ ਵਾਲੀ ਨਾਲੀ ਨਾਲ ਲਾਉਣ ਲਈ ਦੇ ਦਿੱਤੇ। ਜੋ ਮੈਂ ਪੈਂਟ ਜਾਂ ਪਜਾਮੇ ਦੇ ਅੰਦਰ ਕਰਕੇ ਲਾ ਲੈਂਦਾ ਸਾਂ ਤੇ ਅੱਠ ਨੌ ਘੰਟੇ ਬਾਦ ਭਰਨ ਤੇ ਬਦਲ ਦਿੰਦਾ ਸਾਂ। ਸਲੋਂਹ ਵਿਖੇ ਉਦੋਂ ਮੇਰੇ ਸਹੁਰਿਆਂ ਦਾ ਘਰ ਗੁਡ ਮੈਨ ਪਾਰਕ ਵਿਚ ਹੁੰਦਾ ਸੀ। ਉਥੋਂ ਗੁਰਦੁਆਰਾ ਸਿੰਘ ਸਭਾ ਪੈਦਲ ਜਾਣ ਲਈ ਸਵਾ ਕੁ ਘੰਟਾ ਲੱਗ ਜਾਂਦਾ ਸੀ। ਮੈਂ ਰੋਜ਼ ਦੋ ਟਾਈਮ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ ਪਰ ਅੰਦਰ ਨਹੀਂ ਗਿਆ ਜੋੜੇ ਘਰ ਤੋਂ ਹੀ ਮੱਥਾ ਟੇਕਕੇ ਵਾਪਸ ਆ ਜਾਂਦਾ। ਇਸ ਤਰ੍ਹਾਂ ਦੋਨੋਂ ਟਾਈਮ ਦਾ ਆਉਣ ਜਾਣ ਰਲਾਕੇ ਕੋਈ ਦਿਹਾੜੀ ਦੇ ਪੰਜ ਕੁ ਘੰਟੇ ਬਣ ਜਾਂਦੇ। ਮੈਨੂੰ ਪੰਜੇ ਬਾਣੀਆਂ ਯਾਦ ਸਨ। ਘਰੋਂ ਤੁਰਨ ਲੱਗੇ ਨੇ ਪਾਠ ਸ਼ੁਰੂ ਕਰ ਲੈਣਾ ਤੇ ਜਿੰਨਾ ਹੋ ਸਕੇ ਕਰੀ ਜਾਣਾ ਗਿਣਨਾ ਨਹੀਂ। ਜੋੜਿਆਂ ਵਿਚ ਖੜੋਕੇ ਮੈਂ ਅਰਦਾਸ ਕਰਨੀ, ''ਗੁਰੂ ਪਾਤਸ਼ਾਹ! ਜਿਸ ਦਿਨ ਤੂੰ ਬਖਸ਼ਿਸ਼ ਕਰਕੇ ਮੇਰਾ ਪਿਸ਼ਾਬ ਵਾਲਾ ਬੈਗ ਲੁਹਾ ਦਿੱਤਾ ਤੇਰੇ ਚਰਨਾਂ ਵਿਚ ਆਕੇ ਅੰਦਰ ਹੁਕਮ ਨਾਮਾ ਆਪ ਲਵਾਂਗਾ" ਉਧਰੋਂ ਹਸਪਤਾਲ ਵਲੋਂ ਡਾਕਟਰਾਂ ਦੀਆਂ ਚਿੱਠੀਆਂ ਵੀ ਤੇ ਫੋਨ ਵੀ ਆਉਣੇ ਕਿ ਅਪਰੇਸ਼ਨ ਤਾਂ ਹਰ ਹਾਲਤ ਵਿਚ ਕਰਵਾਣਾ ਪਵੇਗਾ ਕਿਉਂ ਕਿ ਬਲੈਡਰ ਥੱਲੇ ਖਿਸਕਣ ਕਰਕੇ ਡੇਢ ਇੰਚ ਹੀ ਥਾਹ ਨਹੀਂ ਭਰਨੀ। ਕੋਈ ਹੋਰ ਰੋਗ ਸਹੇੜ ਲਵੋਂਗੇ। ਸਵਾ ਮਹੀਨਾ ਮੈਂ ਇਵੇਂ ਕੱਢਿਆ ਪਰ ਨਿਤਨੇਮ ਹੋਰ ਪਰਪੱਕ ਹੋ ਗਿਆ। ਗੁਰੂ ਘਰੋਂ ਆਣਕੇ ਵੀ ਕਈ ਵਾਰ ਪਾਠ ਕਰਦੇ ਰਹਿਣਾ। ਇਕ ਦਿਨ ਮੈਂ ਸਲੋਂਹ ਤੋਂ ਸਾਊਥਹਾਲ ਗਿਆ ਹੋਇਆ ਸਾਂ। ਉਥੇ ਰੈਨਲੇ ਰੋਡ ਤੇ ਮੇਰੀ ਸੁਪਤਨੀ ਦੀ ਮਾਸੀ ਦਾ ਪੁੱਤਰ ਜਗਦੀਸ਼ ਸਿੰਘ ਅਟਵਾਲ ਤੇ ਉਸਦੀ ਸਿੰਘਣੀ ਸੁਰਿੰਦਰ ਕੌਰ ਇਕ ਲੜਕਾ ਸੋਢੀ ਤੇ ਇਕ ਉਹ ਲੜਕੀ ਭੁਪਿੰਦਰ ਜਿਹੜੀ ਉਪਰੇਸ਼ਨ ਵਾਲੇ ਦਿਨ ਬੇ-ਹੋਸ਼ ਹੋ ਗਈ ਸੀ ਉਨ੍ਹਾਂ ਕੋਲ ਗਿਆ ਹੋਇਆ ਸਾਂ।



ਮੈਂ ਬਾਹਰ ਸੋਹੋ ਰੋਡ ਤੇ ਘੁੰਮ ਰਿਹਾ ਸਾਂ ਕਿ ਪਹਿਲੀ ਵਾਰੀ ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਪਿਸ਼ਾਬ ਦੀ ਹਾਜ਼ਤ ਹੋ ਰਹੀ ਹੈ। ਪਹਿਲਾਂ ਕਦੇ ਅਪਰੇਸ਼ਨ ਤੋਂ ਬਾਦ ਇੰਜ ਨਹੀਂ ਸੀ ਹੋਇਆ। ਸੋ ਮੈਂ ਉਸੇ ਵੇਲੇ 57 ਰੈਨਲੇ ਰੋਡ ਵਾਲੇ ਘਰ ਆ ਗਿਆ ਤੇ ਸਿੱਧਾ ਬਾਥਰੂਮ ਚਲਾ ਗਿਆ। ਮੇਰੀ ਹੈਰਾਨੀ ਭਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਨੂੰ ਅਪਰੇਸ਼ਨ ਤੋਂ ਬਾਦ ਪਹਿਲੀ ਵਾਰ ਆਪਣੇ ਅਸਲੀ ਰਾਹ ਥਾਣੀ ਪਿਸ਼ਾਬ ਆਇਆ। ਮੈਂ ਉਸੇ ਵੇਲੇ ਹੈਮਰ ਸਮਿੱਥ ਹਸਪਤਾਲ ਵਿਚ ਆਪਣੇ ਡਾ. ਵਿਲਸਨ ਨੂੰ ਫੋਨ ਕੀਤਾ ਤਾਂ ਉਹ ਮੈਨੂੰ ਕਹਿਣ ਲੱਗਾ ਕਿ ਹੋ ਹੀ ਨਹੀਂ ਸਕਦਾ। ਤੁਹਾਡਾ ਬਲੈਡਰ ਡੇਢ ਇੰਚ ਥੱਲੇ ਹੈ



ਜੇ ਉਂਜ ਕੋਈ ਨਾੜ ਟੁੱਕੀ ਹੁੰਦੀ ਉਹ ਜੁੜ ਸਕਦੀ ਸੀ। ਪਰ ਇਹ ਤਾਂ ਇੰਪਾਸੀਬਲ ਹੈ। ਮੈਂ ਬਥੇਰਾ ਕਿਹਾ ਕਿ ਮੈਨੂੰ ਕੋਈ ਸ਼ੌਕ ਨਹੀਂ ਕਿ ਉਮਰ ਭਰ ਬੈਗ ਲਵਾਈ ਰੱਖਾਂ। ਮੈਂ ਪਹਿਲਾਂ ਕਿਉਂ ਨਾ ਫੋਨ ਕਰ ਦਿੱਤਾ। ਖ਼ੈਰ ਉਸਨੇ ਦੂਸਰੇ ਦਿਨ ਜਾਣੀ 26 ਅਕਤੂਬਰ 1985 ਨੂੰ 11 ਵਜੇ ਐਕਸਰੇ ਡੀਪਾਰਟਮੈਂਟ ਵਿਚ ਅਪਾਇੰਟ ਮੈਂਟ ਬਣਾ ਦਿੱਤੀ। ਜਦੋਂ ਮੈਂ ਆਪਣੀ ਰਿਸ਼ਤੇਦਾਰ ਲੜਕੀ ਹਰਜਿੰਦਰ ਕੌਰ ਦੇ ਨਾਲ ਗਿਆ ਤਾਂ ਐਕਸਰੇ ਕਰਨ ਤੋਂ ਬਾਦ ਡਾ: ਵਿਲਸਨ ਨੇ ਸਾਰੇ ਡਾਕਟਰ ਬੁਲਾ ਲਏ। ਉਹ ਹੈਰਾਨ ਹੋਕੇ ਦੱਸ ਰਿਹਾ ਸੀ ਕਿ ਸਾਡੀ ਸਾਇੰਸ ਮਨ ਹੀ ਨਹੀਂ ਸਕਦੀ ਕਿ ਡੇਢ ਇੰਚ ਨਾੜੀ ਆਪਣੇ ਆਪ ਬਣ ਜਾਵੇ। ਉਸਨੇ ਜੋ ਮੇਰੀ ਕਿਡਨੀ ਦੇ ਉਪਰ ਪਿਸ਼ਾਬ ਵਾਲੀ ਟਿਊਬ ਲਾਈ ਹੋਈ ਸੀ ਇਕ ਦਮ ਬਾਹਰ ਕੱਢ ਦਿੱਤੀ। ਕੋਈ ਟਾਂਕਾ ਨਹੀਂ ਲਾਇਆ ਸਿਰਫ਼ ਜ਼ਖਮ ਉਪਰ ਬੈਂਡੇਜ਼ ਲਾ ਦਿੱਤੀ। "ਮੇਰਾ ਬੈਦੁ ਗੁਰੂ ਗੋਵਿੰਦਾ॥"

ਏਹਿ ਭਿ ਦਾਤਿ ਤੇਰੀ ਦਾਤਾਰ ॥

ਸਾਡਾ ਕੋਈ ਸਿੱਖ ਵੀਰ ਭੈਣ ਜਦੋਂ ਕਦੇ ਨਵੀਂ ਕਾਰ ਲੈਂਦਾ ਹੈ, ਤਾਂ ਕਈ ਵਾਰ ਇਹ ਪੰਕਤੀ ਪਿਛਲੇ ਪਾਸੇ ਲਿਖੀ ਵੀ ਮਿਲਦੀ ਹੈ। ਸਿਰਫ਼ ਏਨੀ ਹੀ, "ਏਹਿ ਭਿ ਦਾਤਿ ਤੇਰੀ ਦਾਤਾਰ ॥" ਇਸਦਾ ਪ੍ਰਭਾਵ ਇਹ ਪੈਂਦਾ ਹੈ ਕਿ ਦਾਤਾ ਆਹ ਜੋ ਮੇਰੇ ਕੋਲ ਕਾਰ ਹੈ ਇਹ ਤੇਰੀ ਹੀ ਦਾਤ ਹੈ। ਪਰ ਇਸਦਾ ਅਰਥ ਇਹ ਨਹੀਂ। ਇਸ ਗੱਲ ਦਾ ਪਤਾ ਮੈਨੂੰ ਜਨਵਰੀ 1986 ਈ: ਨੂੰ ਲੱਗਾ। ਮੈਂ 19 ਨਵੰਬਰ ਸੰਨ 1985 ਈ: ਨੂੰ ਇੰਗਲੈਂਡ ਤੋਂ ਪੱਥਰੀਆਂ ਦਾ ਅਪਰੇਸ਼ਨ ਕਰਵਾ ਕੇ ਦਾਰਾਸਲਾਮ ਆ ਗਿਆ। ਇੱਥੇ ਆਕੇ ਮੈਂ ਸ਼ੁਕਰਾਨੇ ਵਜੋਂ ਸਹਿਜਪਾਠ ਕੀਤਾ ਤੇ ਲੰਗਰ ਦੀ ਸੇਵਾ ਲਈ। ਪਰਵਾਰ ਸਾਰਾ ਉਸ ਵੇਲੇ ਇੰਡੀਆ ਵਿਚ ਹੀ ਸੀ। ਜਦੋਂ 21 ਦਸੰਬਰ ਨੂੰ ਗੁਰਦੁਆਰੇ ਤੋਂ ਹੇਠਾਂ ਉਤਰਦਿਆਂ ਪਉੜੀਆਂ ਵਿਚ ਪੈਰ ਤਿਲਕ ਕੇ ਮੇਰਾ ਗਿੱਟਾ ਟੁੱਟ ਗਿਆ। ਮੈਨੂੰ ਡਿਗਦੇ ਨੂੰ ਵੇਖ ਕੁਝ ਸੰਗਤ ਭੱਜੀ ਆਈ ਤੇ ਮੈਨੂੰ ਸੰਭਾਲ ਲਿਆ। ਗੁਰਦੁਆਰੇ ਦੀ ਰਿਹਾਇਸ਼ੀ ਬਿਲਡਿੰਗ ਵਿਚ ਇਕ ਮੇਹਰ ਸਿੰਘ ਸਹੋਤਾ ਨਾਮੀ ਸਰਦਾਰ ਜੀ ਰਹਿੰਦੇ ਸਨ ਜੋ ਟੁੱਟੇ ਅੰਗਾਂ ਦਾ ਫਰੀ ਇਲਾਜ ਕਰਦੇ ਸਨ।

ਕੋਈ ਸੱਜਣ ਉਨ੍ਹਾਂ ਨੂੰ ਬੁਲਾ ਲਿਅਇਆ। ਉਨ੍ਹਾਂ ਕੋਈ ਤੇਲ ਮਲਕੇ ਤੇ ਉਪਰ ਲੋਗੜ ਰੱਖ ਕੇ ਗਿੱਟਾ ਬੰਨ੍ਹ ਦਿੱਤਾ। ਪੈਰ ਕਾਫ਼ੀ ਸੁੱਜ ਗਿਆ ਗਿੱਟੇ ਤੋਂ ਉਪਰ ਵੀ ਕਾਫ਼ੀ ਸੋਜ ਆ ਗਈ। ਸ਼ਾਮ ਨੂੰ ਜਦੋਂ ਡਾ: ਜਸਵੰਤ ਸਿੰਘ ਜੀ ਨੇਕੀ ਤੇ ਉਨ੍ਹਾਂ ਦੀ ਧਰਮ ਪਤਨੀ ਭੈਣ ਜੀ ਕੰਵਰਜੀਤ ਮੱਥਾ ਟੇਕਣ ਆਏ ਤੇ ਮੇਰਾ ਗਿੱਟਾ ਟੁੱਟਾ ਸੁਣਕੇ ਮੇਰੇ ਕਮਰੇ ਵਿਚ ਆ ਗਏ। ਜਦੋਂ ਉਨ੍ਹਾਂ ਬਹੁਤ ਸਾਰੇ ਲੋਗੜ (ਪੁਰਾਣੇ ਰੂੰ ਨਾਲ) ਨੂੰ ਵੇਖਿਆ ਤੇ ਮੈਨੂੰ ਗੁੱਸੇ ਹੋਣ ਲੱਗ ਪਏ ਇਹ ਕੀ ਕੀਤਾ। ਉਸੇ ਵੇਲੇ ਕਾਰ ਦੀਆਂ ਚਾਬੀਆਂ ਦੇਕੇ ਭੈਣ ਜੀ ਕੰਵਰਜੀਤ ਨੂੰ ਆਪਣੇ ਘਰ ਭੇਜਿਆ ਕਿ ਫਰਿਜ ਵਿਚੋਂ ਆਈਸ ਦੀਆਂ ਟੁੱਕੜੀਆਂ ਲੈ ਕੇ ਆਉਣ। ਉਨ੍ਹੀ ਉਹ ਲੋਗੜ ਖੋਹਲ ਦਿੱਤਾ ਤੇ ਠੰਢੇ ਪਾਣੀ ਨਾਲ ਗਿੱਟੇ ਨੂੰ ਧੋਣ ਲੱਗ ਪਏ ਮੈਨੂੰ ਦਰਦ ਤੋਂ ਥੋੜੀ ਰਾਹਤ ਮਿਲੀ। ਫਿਰ ਭੈਣ ਜੀ ਦੇ ਆਉਣ ਤੇ ਕੱਪੜੇ ਵਿਚ ਆਈਸ ਦੀਆਂ ਟੁੱਕੜੀਆਂ ਲਪੇਟ ਕੇ ਬੰਨ੍ਹ ਦਿੱਤੀਆਂ ਤੇ ਇਹੀ ਕਿਰਿਆ ਦੁਹਰਾਣ ਨੂੰ ਕਹਿਕੇ ਚਲੇ ਗਏ। ਉਥੇ ਆਗਾ ਖਾਨ ਹਸਪਤਾਲ ਵਿਚ ਇਕ ਸਿੱਖ ਸਰਦਾਰ ਕੁਲਵੀਰ ਸਿੰਘ ਗੁਪਤਾ ਜੀ ਦੰਦਾਂ ਦੇ ਡਾਕਟਰ ਸਨ, ਉਨ੍ਹਾਂ ਐਕਸਰੇ ਕਰਵਾਏ ਹਸਪਤਾਲ ਵਿਚ ਤੇ ਸੋਜ ਉਤਰਨ ਉਪਰੰਤ ਤਿੰਨ ਮਹੀਨੇ ਦਾ ਪਲੱਸਤਰ ਲਾ ਦਿੱਤਾ। ਮੈਂ ਤਾਂ ਮੰਜਾ ਮੱਲ ਕੇ ਬਹਿ ਗਿਆ। ਪਰ ਮੇਰੀ ਸਾਰਿਆਂ ਨੇ ਹੀ ਹਰਪੱਖੋਂ ਬੜੀ ਸੇਵਾ ਕੀਤੀ।

ਚਲਦਾ....


52 YEARS OF EXCELLENCE
1973 THE LINK GROUP 2024
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523



Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ 'ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ ਆਰ. ਹੈ।
ਚਾਹਵਾਨ ਸੰਪਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਸੈਣੀ ਸਿੱਖ ਪਰਿਵਾਰ ਦਾ ਲੜਕਾ ਉਮਰ 31 ਸਾਲ, ਕੱਦ 5'11", ਕਨੇਡੀਅਨ ਪੀ. ਆਰ., ਨਸ਼ਿਆਂ ਤੋਂ ਰਹਿਤ ਵਾਸਤੇ ਯੋਗ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। ਫੋਨ: 604-440-2691, ਈਮੇਲ - hardeepkaur917@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ, ਕਲੇਰ ਲੜਕਾ, ਕਲੀਨ ਸੇਵਨ, ਉਮਰ 36 ਸਾਲ, ਕੱਦ 5'10", ਬੈਚਲਰ ਡਿਗਰੀ ਹੋਲਡਰ, ਗੌਰਮਿੰਟ ਜੌਬ, ਵੈਲ ਸੈਟਲਡ, ਲਈ ਕਨੇਡੀਅਨ ਸਿਟੀਜ਼ਨ, ਵਰਕ ਪਰਮਿਟ, ਪੀਆਰ, ਪਰਿਵਾਰਿਕ ਪੜ੍ਹੀ ਲਿਖੀ, ਸੋਹਣੀ, ਸੁਸ਼ੀਲ ਲੜਕੀ ਦੀ ਲੋੜ ਹੈ। ਤਾਜ਼ਾ ਫੋਟੋ ਅਤੇ ਬਾਇਓਡਾਟਾ ਵਟਸਐਪ ਨੰਬਰ 604-808-9070 ਤੇ ਭੇਜਣਾ ਜੀ।

## ਸੂਚਨਾ

ਮੇਰਾ ਨਾਮ ਕੁਲਦੀਪ ਮੰਡੇਰ ਹੈ ਸਾਡੇ ਇੱਕ ਕਿਰਾਏਦਾਰ ਨੇ ਆਪਣੀ ਕਾਰ ਮੇਰੀ ਜਾਇਦਾਦ 12666-114th ave Surrey B.C. V3V-3N9 ਨਵੰਬਰ 2020 ਨੂੰ ਖੜੀ ਕਰਕੇ ਅਤੇ ਅਪ੍ਰੈਲ 2021 ਵਿੱਚ ਛੱਡ ਕੇ ਚਲਾ ਗਿਆ। ਇਹ ਵਾਈਟ ਕਲਰ 2015 ਹੌਂਡਾ ਸਿਵਿਕ ਹੈ। VIN ਨੰਬਰ VIN-2HGFB2F56FH001467 ਹੈ। ਜੇਕਰ ਕਿਸੇ ਨੂੰ ਇਸ ਕਾਰ ਦੀ ਕੋਈ ਜਾਣਕਾਰੀ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ
778-861-3643

## MATRIMONIALS

### ਲੜਕੇ ਦੀ ਲੋੜ

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਗਰਾਈਜ਼ਰ ਲਾਇਸੈਂਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਡੌਂਕਲੋਕ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁੰਦਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਕੁ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

****************

### ਦਸਤਾਰਧਾਰੀ ਲੜਕੇ ਦੀ ਲੋੜ

ਵਧੀਆ ਜੌਬ ਕਰ ਰਹੀ ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਲੜਕੀ, ਉਮਰ 29 ਸਾਲ, ਕੱਦ 5' 3" ਲਈ ਦਸਤਾਰਧਾਰੀ ਵਰ ਦੀ ਲੋੜ ਹੈ। ਲੜਕਾ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵੈਜੀਟੇਰੀਅਨ, ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ., ਸਿਰਫ ਵੈਨਕੂਵਰ ਲੋਅਰ ਮੇਨਲੈਂਡ ਵਿਚ ਰਹਿੰਦਾ ਹੋਣਾ ਚਾਹੀਦਾ ਹੈ। ਸਿੰਗਲ ਪਿਤਾ ਅਤੇ ਵਿਜ਼ਟਰ ਕਾਲ ਨਾ ਕਰਨ। ਸੰਪਰਕ ਨੰਬਰ: 604 800 8409

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਕੰਵਾਰਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਕੂਕ ਵੀਜੀ, ਕੈਨੇਡਾ ਵਿਚ ਵਿਜ਼ਟਰ ਵੀਜ਼ੇ ਉੱਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

## WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

## ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਸ਼ਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
**ਸੰਪਰਕ ਕਰੋ:- 7783210986**
Exp. 5 Jan

## ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766
26 Jan-5

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਲਿਬਰਲਾਂ ਨੇ ਹਾਊਸਿੰਗ ਸੰਕਟ ਨੂੰ ਖ਼ਤਮ ਕਰਨ ਵਾਲਾ ਬਜਟ ਕੀਤਾ ਪੇਸ਼



ਓਟਵਾ-ਹਾਊਸਿੰਗ ਉੱਤੇ ਹੱਦੋਂ ਵੱਧ ਖਰਚਾ ਕਰਨ ਦੀ ਯੋਜਨਾ ਦੇ ਬਾਵਜੂਦ ਫੈਡਰਲ ਸਰਕਾਰ ਓਨੇ ਘਾਟੇ ਵਿੱਚ ਨਹੀਂ ਗਈ ਜਿੰਨਾ ਕਿ ਪਹਿਲਾ ਕਿਆਫੇ ਲਾਏ ਜਾ ਰਹੇ ਸਨ। ਇਹ ਸੱਭ ਨਿਜੀ ਇਨਕਮ ਟੈਕਸ ਤੋਂ ਹਾਸਲ ਹੋਣ ਵਾਲੀ ਆਮਦਨ ਤੇ ਵੱਡੇ ਮੁਨਾਫਿਆਂ ਤੋਂ ਵਸੂਲੇ ਜਾਣ ਵਾਲੇ ਟੈਕਸਾਂ ਸਬੰਧੀ ਪ੍ਰਸਤਾਵਿਤ ਤਬਦੀਲੀਆਂ ਸਦਕਾ ਹੀ ਹੋਇਆ। ਇਸ ਦੌਰਾਨ ਬਿਜ਼ਨਸ ਗਰੁੱਪਜ਼ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਇਸ ਨਾਲ ਨਿਵੇਸ਼ ਘਟੇਗਾ। ਮੰਗਲਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਬਜਟ ਪੇਸ਼ ਕੀਤਾ। ਫਰੀਲੈਂਡ ਇਸ ਵਿੱਚ ਮੱਧ ਵਰਗ ਉੱਤੇ ਇਨਕਮ ਟੈਕਸ ਵਿੱਚ ਵਾਧਾ ਕੀਤੇ ਬਿਨਾਂ ਘਾਟੇ ਨੂੰ ਘੱਟ ਰੱਖਣ ਦੇ ਆਪਣੇ ਵਾਅਦੇ ਉੱਤੇ ਪੂਰੀ ਉਤਰੀ।ਬਜਟ ਵਿੱਚ ਸਾਲ 2024-25 ਦੇ ਵਿੱਤੀ ਵਰ੍ਹੇ ਲਈ 39.8 ਬਿਲੀਅਨ ਡਾਲਰ ਦਾ ਘਾਟਾ ਪੇਸ਼ ਕੀਤਾ ਗਿਆ। ਇਹ ਪਿਛਲੇ ਸਾਲ ਸੰਭਾਵੀ ਤੌਰ ਉੱਤੇ ਕਿਆਸੇ ਗਏ 40 ਬਿਲੀਅਨ ਡਾਲਰ ਤੋਂ ਮਾਮੂਲੀ ਘੱਟ ਸੀ। ਬਜਟ ਵਿੱਚ ਬਹੁਤਾ ਜ਼ੋਰ ਨੌਜਵਾਨਾਂ, ਮਿਲੇਨੀਅਲਜ਼ ਤੇ ਜੈਨ ਜੀਜ਼, ਦੀ ਮਦਦ ਕਰਨ ਵੱਲ ਲਾਇਆ ਗਿਆ। ਇਸ ਲਈ ਕਿਰਾਏ ਉੱਤੇ ਘਰ ਲੈਣ ਵਾਲਿਆਂ ਤੇ ਪਹਿਲੀ ਵਾਰੀ ਆਪਣਾ ਘਰ ਖਰੀਦਣ ਵਾਲਿਆਂ ਦੀ ਮਦਦ ਲਈ ਨਵੇਂ ਪ੍ਰੋਗਰਾਮ ਪੇਸ਼ ਕੀਤੇ ਗਏ। ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਵਿੱਚ ਫਰੀਲੈਂਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਉਨ੍ਹਾਂ ਦੀ ਉਮਰ ਤੇ ਉਨ੍ਹਾਂ ਤੋਂ ਵੱਡੀ ਉਮਰ ਦੇ ਕੈਨੇਡੀਅਨਜ਼ ਦੀ ਇੱਛਾ ਨੌਜਵਾਨ ਕੈਨੇਡੀਅਨਜ਼ ਨੂੰ ਸਫਲ ਹੁੰਦਾ ਵੇਖਣ ਦੀ ਹੈ ਤੇ ਇਸ ਲਈ ਅਸੀਂ ਸਾਰੇ ਹੀ ਇਹ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਇਸ ਸਫਲਤਾ ਲਈ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ। ਬਜਟ ਵਿੱਚ ਅਗਲੇ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਲਈ ਨਵੇਂ ਖਰਚਿਆਂ ਵਾਸਤੇ 53 ਬਿਲੀਅਨ ਡਾਲਰ ਰੱਖੇ ਜਾਣ ਦੀ ਗੱਲ ਆਖੀ ਗਈ। ਇਹ ਸੱਭ ਹਾਊਸਿੰਗ ਸਪਲਾਈ ਦੇ ਸੰਕਟ ਨੂੰ ਦੂਰ ਕਰਨ ਲਈ ਨਵੇਂ ਘਰਾਂ ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ,ਘੱਟ ਆਮਦਨ ਵਾਲੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਮੀਲਜ਼ ਮੁਹੱਈਆ ਕਰਵਾਉਣ ਤੇ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਲਈ ਪਹਿਲਾ ਕਦਮ ਚੁੱਕਣ ਲਈ ਕੀਤਾ ਗਿਆ 2015 ਵਿੱਚ ਸੱਤਾ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਲਿਬਰਲ ਸਰਕਾਰ ਹਰ ਸਾਲ ਘਾਟੇ ਵਿੱਚ ਹੀ ਰਹੀ ਹੈ।

# ਕੈਨੇਡੀਅਨਜ਼ ਦੀਆਂ ਮੁਸ਼ਕਲਾਂ ਘੱਟ ਕਰਨ ਦੀ ਥਾਂ ਵਧਾ ਰਹੀ ਹੈ ਟਰੂਡੋ ਸਰਕਾਰ



ਓਟਵਾ-ਕੰਜ਼ਰਵੇਟਿਵ ਆਗੂ ਪਿਏਰ ਪੌਲੀਐਵਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ ਅੱਠ ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ ਵੀ ਉਹ ਕਿਸੇ ਕੰਮ ਦੇ ਨਹੀਂ ਹਨ। ਉਨ੍ਹਾਂ ਆਖਿਆ ਕਿ ਟਰੂਡੋ ਦੇ ਸ਼ਾਸਨਕਾਲ ਵਿੱਚ ਕਿਰਾਏ ਦੁੱਗਣੇ ਹੋ ਗਏ, ਮਾਰਗੇਜ ਪੇਅਮੈਂਟਸ ਤੇ ਡਾਊਨਪੇਅਮੈਂਟਸ ਦੇ ਭਾਅ ਵੱਧ ਗਏ ਜਦਕਿ ਰਿਕਾਰਡ ਤੋੜ ਘਾਟੇ ਕਾਰਨ ਵਿਆਜ਼ ਦਰਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਇਨ੍ਹਾਂ ਕਾਰਨਾਂ ਕਰਕੇ ਕੈਨੇਡੀਅਨਜ਼ ਨੂੰ ਦੋ ਵਕਤ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਆਖਿਆ ਕਿ ਟਰੂਡੋ ਦੇ ਕੈਨੇਡਾ ਵਿੱਚ ਤੁਸੀਂ ਰਹਿਣਾ ਤਾਂ ਕੀ ਮਰਨਾ ਵੀ ਅਫੋਰਡ ਨਹੀਂ ਕਰ ਸਕਦੇ। ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੀ ਮਿਸਾਲ ਦਿੰਦਿਆਂ ਪੌਲੀਐਵਰ ਨੇ ਆਖਿਆ ਕਿ ਹਸਪਤਾਲ ਦੇ ਬਾਹਰ 28 ਲਾਸ਼ਾਂ ਫਰੀਜ਼ਰ ਵਿੱਚ ਪਈਆਂ ਹਨ ਪਰ ਉਨ੍ਹਾਂ ਨੂੰ ਉੱਥੋਂ ਲਿਜਾਇਆ ਨਹੀਂ ਜਾ ਰਿਹਾ ਕਿਉਂਕਿ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਦਫਨਾਉਣਾ ਅਫੋਰਡ ਨਹੀਂ ਕਰ ਪਾ ਰਹੇ। ਅੱਜ ਸਟੈਟਿਸਟਿਕਸ ਕੈਨੇਡਾ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਮਹਿਗਾਈ ਵਿੱਚ ਟਰੂਡੋ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਖਰਚਿਆਂ ਤੇ ਕਾਰਬਨ ਟੈਕਸ ਕਾਰਨ ਕੈਨੇਡੀਅਨਜ਼ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਗਈ ਹੈ। ਟਰੂਡੋ ਦੇ ਆਰਥਿਕ ਕੁਪ੍ਰਬੰਧਾਂ ਕਰਕੇ ਕੈਨੇਡਾ ਵਿੱਚ ਮਹਿਗਾਈ ਐਨੀ ਵੱਧ ਗਈ ਹੈ ਇੱਥੋਂ ਤੱਕ ਕਿ ਮਾਰਗੇਜ ਇੰਟਰਸਟ ਕੌਸਟ ਹੀ 25 ਫੀ ਸਦੀ ਤੋਂ ਟੱਪ ਗਈ ਹੈ ਤੇ ਗੈਸ ਦੀਆਂ ਕੀਮਤਾਂ 45 ਫੀ ਸਦੀ ਤੱਕ ਉੱਪਰ ਚਲੀਆਂ ਗਈਆਂ ਹਨ। ਪੌਲੀਐਵਰ ਨੇ ਆਖਿਆ ਕਿ ਟਰੂਡੋ ਨੂੰ ਇਹ ਸਮਝ ਨਹੀਂ ਆਉਂਦਾ ਕਿ ਜੇ ਤੁਸੀਂ ਕਿਸਾਨਾਂ ਉੱਤੇ ਟੈਕਸ ਲਾਵੋਂਗੇ ਤਾਂ ਖਾਣਾ ਕੌਣ ਪ੍ਰੋਡਿਊਸ ਕਰੇਗਾ ਇੱਥੇ ਹੀ ਬੱਸ ਨਹੀਂ ਕਾਰਬਨ ਟੈਕਸ ਦਾ ਸੇਕ ਉਨ੍ਹਾਂ ਟਰੱਕਰਜ਼ ਨੂੰ ਵੀ ਲੱਗੇਗਾ ਜਿਹੜੇ ਫੂਡ ਸ਼ਿੱਪ ਕਰਦੇ ਹਨ, ਗਰੌਸਰਜ਼ ਜਿਹੜੇ ਫੂਡ ਵੇਚਦੇ ਹਨ ਤੇ ਉਹ ਪਰਿਵਾਰ ਜਿਹੜੇ ਫੂਡ ਖਰੀਦਦੇ ਹਨ ਸਾਰੇ ਹੀ ਇਸ ਕਾਰਬਨ ਟੈਕਸ ਦੀ ਚਪੇਟ ਵਿੱਚ ਆਉਣਗੇ। ਇਹ ਉਨ੍ਹਾਂ ਸਾਰੇ ਕੈਨੇਡੀਅਨਜ਼ ਨੂੰ ਵੀ ਪ੍ਰਭਾਵਿਤ ਕਰੇਗਾ ਜਿਹੜੇ ਕੁੱਝ ਵੇਚਦੇ ਜਾਂ ਖਰੀਦਦੇ ਹਨ। ਇਸ ਦੇ ਨਤੀਜੇ ਵਜੋਂ ਬੈਂਕ ਆਫ ਕੈਨੇਡਾ ਨੂੰ ਆਪਣੀਆਂ ਵਿਆਜ਼ ਦਰਾਂ ਵੱਧ ਰੱਖਣੀਆਂ ਪੈਣਗੀਆਂ ਇਸ ਤੋਂ ਸਾਫ ਹੁੰਦਾ ਹੈ ਕਿ ਟਰੂਡੋ ਨੂੰ ਕਿਸੇ ਦੀ ਨਹੀਂ ਪਈ ਤੇ ਉਹ ਕਿਸੇ ਬਾਰੇ ਨਹੀਂ ਸੋਚ ਰਹੇ। ਪੌਲੀਐਵਰ ਨੇ ਆਖਿਆ ਕਿ ਕੰਜ਼ਰਵੇਟਿਵ ਉਸ ਸੂਰਤ ਵਿੱਚ ਹੀ ਬਜਟ ਦਾ ਸਮਰਥਨ ਕਰਨਗੇ ਜੇ ਟਰੂਡੋ ਸਰਕਾਰ ਕਿਸਾਨਾਂ ਤੇ ਫੂਡ ਤੋਂ ਟੈਕਸ ਹਟਾਉਣ ਲਈ ਬਿੱਲ ਸੀ 234 ਨੂੰ ਉਸ ਦੇ ਅਸਲ ਰੂਪ ਵਿੱਚ ਪਾਸ ਕਰੇ, ਘਰਾਂ ਦਾ ਨਿਰਮਾਣ ਕਰੇ ਤੇ ਵਿਆਜ਼ ਦਰਾ ਤੇ ਮਹਿਗਾਈ ਨੂੰ ਘੱਟ ਕਰੇ।









# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ

idea immigration

## SUPER VISAS & PNPs

## ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.


- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

**ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।**

**Navneet Sharma 778-320-0620**
**Ph:604-597-1119 | Fax:604-593-5099**
#209-7928, 128st. Surrey BC V3W 4E8
info@ideaimmigration.com | www.ideaimmigration.com


ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !
It's knowing your business, your vision and you.
• INCOME TAX
• ESTATE PLANNING
• INVESTING
• ACCOUNTING
AB
A.S. BUBBER
& ASSOCIATES INC.
Chartered Professional Accountant
Arvinder S Bubber
FCPA, FCA
604-599-7262 | asbubber.com
208 – 8120 128 STREET, SURREY, BC V3W 1R1 • FAX: 604-599-3555
CPA CHARTERED PROFESSIONAL ACCOUNTANTS
ACCOUNTING SERVICES : GST, PST, WCB, PAYROLL, BOOKKEEPING, FINANCIAL STATEMENTS, APPE
TAX RETURNS FOR : PERSONAL, CORPORATE, TRUST/SOCIETIES

ਖ਼ਾਲਸਾ ਸਾਜਨਾ
ਦਿਵਸ ਅਤੇ ਵਿਸਾਖੀ ਦੀਆਂ
ਆਪ ਸਭ ਨੂੰ
ਲੱਖ-ਲੱਖ ਵਧਾਈਆਂ !

BN DULAY
TRUX LTD

Your Logistic Solution For US & Canada




Phone: **(604) 588-8760** Fax: (604) 588-3856
10766 120 St, Surrey, BC
Email: sales@bndulaytrux.com
www.bndulaytrux.com

Gold key INSURANCE

# Explore Your Options


ਪੰਜਾਬੀ
हिंदी

**Number 1** in the Community **for 25 years.**

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS · PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money.

*Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

G K


HAPPY Vaisakhi!
Come join us for fresh sugarcane juice at Nagar Kirtan, in front of Fruiticana at 128 St and 76 Ave Surrey.
Enter to win 2 FREE TICKETS to DILJIT DOSANJH'S concert every week with purchase of Rajan Mango.
fruiticana kee jaana!
Rajan
LOWEST PRICES IN TOWN
UNBEATABLE EXTRA SUPER SPECIAL
Rajan Mangoes (Haden) 4 kg
ਰਾਜਨ ਹੇਡਨ ਅੰਬ
$17.99 box
EXTRA SUPER SUPER SPECIAL
Jumbo Size Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ 9
$3.49 ea.
Maggi Masala Noodles 70 g
ਮੈਗੀ ਮਸਾਲਾ ਨੂਡਲਜ਼
2 for 99¢
SUPER SPECIAL
Yellow Onions 50 lbs
ਪੀਲੇ ਗੰਢੇ
$19.98 bag
SUPER SPECIAL
Happy Dairy Paneer 300 g
ਹੈਪੀ ਪਨੀਰ
$3.99 pkg.
SUPER SPECIAL
Sher Atta Desi Style 20 lbs
ਸ਼ੇਰ ਆਟਾ ਦੇਸੀ ਸਟਾਈਲ
$13.99 bag
Sher Besan 4 lbs
ਸ਼ੇਰ ਵੇਸਣ
$3.98 bag
Rooh Afza Indian 750 ml
ਰੂਹ ਅਫਜ਼ਾ
$3.99 bottle
SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$3.99 bag
SUPER SPECIAL
Tomatoes BC
ਟਮਾਟਰ ਬੀਸੀ
99¢ lb
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Cilantro
ਧਣੀਆ
2 bunches for $1.29
Almonds #1 Large Size
ਵੱਡੇ ਬਦਾਮ
$3.98 lb
Indican Tea 216's
ਇੰਡੀਕਨ ਚਾਹ
$6.99 box
Party Trays (Royal) Biodegradable 6 Sections 40's
ਪਾਰਟੀ ਟ੍ਰੇ ਸ਼ਾਹੀ ਬਾਇਓਡੀਗਰੇਡੇਬਲ 6 ਭਾਗ
$5.98 pkg.
Indian Eggplants
ਦੇਸੀ ਬਤਾਊਂ
$1.49 lb
Long Eggplants
ਲੰਬੇ ਬਤਾਊਂ
$1.49 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
88¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag
Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Rapini (Sarson da Saag)
ਸਰਸੋਂ ਦਾ ਸਾਗ
$2.79 bunch
Daikon (Moli)
ਮੂਲੀ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Chickpeas
ਚਿੱਟੇ ਛੋਲੇ
98¢ lb
Gala Apples US #1
ਗਾਲਾ ਸੇਬ ਯੂ.ਐਸ. #1
$1.39 lb
Fresh Ginger
ਤਾਜ਼ਾ ਅਦਰਕ
$1.48 lb
Desi Karela
ਦੇਸੀ ਕਰੇਲਾ
$1.49 lb
Green Bell Peppers
ਹਰੀ ਸ਼ਿਮਲਾ ਮਿਰਚ
$1.28 lb
KTC Chick Peas 398 ml
ਕੇ ਟੀ ਸੀ ਚਿੱਟੇ ਛੋਲੇ
99¢ can
Thur Apr 18, 2024 - Thur Apr 25, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ---- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520